


FREE

# ਮਨ ਜਿੱਤ

# MANN JITT WEEKLY

patara

Chartered Accountants Worldwide | Network Member

ਸੰਸਾਰ ਦੀ ਸਾਰੀ ਮਨੁੱਖਤਾ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਅਣਗਿਣਤ ਵਧਾਈਆਂ

Vol: 18, Issue 884 U.K's Largest Circulated Free Punjabi/English Newspaper www.mannjittweekly.co.uk 22nd November to 28th November 2023

RAI & SONS
BUILDERS

NEW BUILDS
EXTENTIONS
RE WIRING
ROOFING
INSURANCE WORK
CENTRAL HEATING
DAMP PROOFING

ਸੰਸਾਰ ਦੀ ਸਾਰੀ ਮਨੁੱਖਤਾ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਅਣਗਿਣਤ ਵਧਾਈਆਂ



CONTACT
0121 358 4539
07973 147 255
07723 315127
077928 55562



ਮਨ ਜਿੱਤ ਅਦਾਰੇ ਵੱਲੋਂ ਸਮੂਹ ਜਗਤ ਦੀ ਮਨੁੱਖਤਾ ਨੂੰ ਧੰਨ ਧੰਨ ਸ਼੍ਰੀ ਗੁਰੁ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਵਸ ਦੀਆਂ ਵਧਾਈਆਂ, ਜਿਨ੍ਹਾਂ ਕਿਸੇ ਤੇ ਆਪਣੇ ਵਿਚਾਰ ਨਾ ਥੋਪਦੇ ਹੋਏ ਸਗੋਂ ਸਮੁੱਚੀ ਮਨੁੱਖਤਾ ਨੂੰ ਐਸਾ ਸ਼ਾਨਦਾਰ ਮਾਰਗ ਦਰਸਾਇਆ ਜਿਸ ਤੇ ਚੱਲਣ ਵਾਲੇ ਹਰ ਵਿਅਕਤੀ ਦਾ ਜੀਵਨ ਗੌਰਵਮਈ ਅਤੇ ਸ਼ਾਨਦਾਰ ਬਣ ਸਕਦਾ ਹੈ। ਇਸ ਲਈ ਬੇਨਤੀ ਹੈ ਸਭ ਦੇ ਚਰਨਾਂ ਵਿੱਚ ਕਿ ਜੀਵਨ ਦੇਣ ਵਾਲੇ ਦੇ ਗੁਣ ਗਾਉਂਦੇ ਹੋਏ ਜਿਸਨੇ ਸਾਨੂੰ ਕ੍ਰਿਤ ਕਰਨ ਦੇ ਯੋਗ ਬਣਾਇਆ, ਕੀਤੀ ਹੋਈ ਕ੍ਰਿਤ ਕਮਾਈ ਨੂੰ ਵੰਡਕੇ ਛਕਣ ਦਾ ਸਬਕ ਦੇਣ ਵਾਲੇ ਦੇ ਅਣਮੁੱਲੇ ਉਪਦੇਸ਼ਾਂ ਨੂੰ ਅਮਲੀ ਰੂਪ ਵਿੱਚ ਅਪਣਾਕੇ, "ਸਭੇ ਸ਼ਾਂਝੀਵਾਲ ਸਦਾਇਨ ਕੋਇ ਨਾ ਦਿਸੈ ਬਾਹਰਾ ਜੀਓ ॥" ਪਿਆਰ ਨਾਲ ਇੱਕ ਪ੍ਰੀਵਾਰ ਵਾਂਗ ਰਹਿਣਾ ਸਿੱਖੀਏ।

**ਮੁੱਖ ਸੰਪਾਦਕ**

ਸੰਸਾਰ ਦੀ ਸਾਰੀ ਮਨੁੱਖਤਾ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਅਣਗਿਣਤ ਵਧਾਈਆਂ

Jhally
Creativity at its best



ਵਿਆਹ ਜਿਥੇ ਮਰਜੀ ਕਰਵਾਓ, ਪਰ ਵੀਡਿਓ ਝੱਲ੍ਹੀ ਤੋ ਬਣਵਾਓ

Video Productions & Photography
Creative Video Production & Photography for Wedding Civil Marriages, Parties, All Special occasions, Digital Storybooks & Traditional Albums.
TEL. : 01922 448427 Mob. : 07958-747497
57 Darlaston Road, Walsall, WS2 9QT email: info@jhally.co.uk

## ਰਾਜਸਥਾਨ 'ਚ ਗੁੱਜਰਾਂ ਦਾ ਅਪਮਾਨ ਕਰ ਰਹੀ ਹੈ ਕਾਂਗਰਸ: ਪ੍ਰਧਾਨ ਮੰਤਰੀ



ਜੈਪੁਰ - ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀਰਵਾਰ ਨੂੰ ਰਾਜਸਥਾਨ 'ਚ ਭਾਜਪਾ ਦੇ ਹੱਕ 'ਚ ਜੋਰਦਾਰ ਚੋਣ ਪ੍ਰਚਾਰ ਕੀਤਾ। ਉਨ੍ਹਾਂ ਸਾਬਕਾ ਉਪ ਮੁੱਖ ਮੰਤਰੀ ਸਚਿਨ ਪਾਇਲਟ ਨੂੰ ਲੈ ਕੇ ਇਕ ਵਾਰ ਫਿਰ ਕਾਂਗਰਸ 'ਤੇ ਨਿਸ਼ਾਨਾ ਸੇਧਿਆ। ਉਨ੍ਹਾਂ ਕਿਹਾ ਕਿ ਗੁੱਜਰ ਭਾਈਚਾਰੇ ਦਾ ਇਕ ਪੁੱਤਰ ਸਿਆਸਤ 'ਚ ਥਾਂ ਬਣਾਉਣ ਲਈ ਸੰਘਰਸ਼ ਕਰਦਾ ਹੈ ਅਤੇ ਆਪਣਾ ਸਭ ਕੁਝ ਦਾਅ 'ਤੇ ਲਗਾ ਦਿੰਦਾ ਹੈ ਪਰ ਸੱਤਾ ਮਿਲਣ ਤੋਂ ਬਾਅਦ ਉਸ ਨੂੰ ਦੁੱਧ ਵਿੱਚੋਂ ਮੱਖੀ ਵਾਂਗ ਕੱਢ ਦਿੱਤਾ ਜਾਂਦਾ ਹੈ।

ਮੋਦੀ ਨੇ ਦੇਵਗੜ੍ਹ (ਰਾਜਸਥਾਨ) ਵਿੱਚ ਚੋਣ ਜਨ ਸਭਾ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਗੁੱਜਰ ਸਮਾਜ ਨਾਲ ਅਜਿਹਾ ਵਿਤਕਰਾ ਸ਼ਾਹੀ ਪਰਿਵਾਰ ਦੀ ਸ਼ਹਿ 'ਤੇ ਕੀਤਾ ਗਿਆ। ਉਨ੍ਹਾਂ ਕਿਹਾ ਕਿ ਮਰਹੂਮ ਰਾਜੇਸ਼ ਪਾਇਲਟ ਨਾਲ ਵੀ ਇਨ੍ਹਾਂ ਨੇ ਅਜਿਹਾ ਹੀ ਕੀਤਾ ਅਤੇ ਉਨ੍ਹਾਂ ਦੇ ਪੁੱਤਰ ਨਾਲ ਵੀ ਅਜਿਹਾ ਹੀ ਕਰ ਰਹੇ ਹਨ। ਮੋਦੀ ਨੇ ਕਿਹਾ ਕਿ ਗੁੱਜਰਾਂ ਦਾ ਅਪਮਾਨ ਜਿੰਨਾ ਕਾਂਗਰਸ ਨੇ ਕੀਤਾ ਹੈ ਇਹ ਰਾਜਸਥਾਨ ਦੀ ਪਹਿਲੀ ਪੀੜ੍ਹੀ ਨੇ ਵੀ ਦੇਖਿਆ ਹੈ ਅਤੇ ਅੱਜ ਦੀ ਪੀੜ੍ਹੀ ਵੀ ਦੇਖ ਰਹੀ ਹੈ। ਰਾਜੇਸ਼ ਪਾਇਲਟ ਨੇ ਕਦੇ ਇਸ ਕਾਂਗਰਸ ਪਰਿਵਾਰ ਨੂੰ ਚੁਣੌਤੀ ਦਿੱਤੀ ਸੀ ਪਰ ਇਹ ਪਰਿਵਾਰ ਅਜਿਹਾ ਹੈ ਜਿਸ ਨੇ ਰਾਜੇਸ਼ ਨੂੰ ਤਾਂ ਸਜਾ ਦਿੱਤਾ ਹੀ, ਉਨ੍ਹਾਂ ਦੇ ਪੁੱਤਰ (ਸਚਿਨ ਪਾਇਲਟ) ਨੂੰ ਵੀ ਸਜਾ ਦੇਣ 'ਚ ਲੱਗੇ ਹੋਏ ਹਨ। ਮੋਦੀ ਦਾ ਇਸਾਰਾ ਉਸ ਘਟਨਾ ਵੱਲ ਸੀ ਜਦ ਰਾਜੇਸ਼ ਪਾਇਲਟ ਨੇ 1997 'ਚ ਪਾਰਟੀ ਪ੍ਰਧਾਨ ਦੇ ਅਹੁਦੇ ਲਈ ਸੀਤਾਰਾਮ ਕੇਸਰੀ ਖਿਲਾਫ ਚੋਣ ਲੜੀ ਅਤੇ ਇਸ ਤੋਂ ਬਾਅਦ ਪਾਰਟੀ ਹਾਈ ਕਮਾਨ ਦਾ ਸਮਰਥਨ ਇਕ ਤਰ੍ਹਾਂ ਨਾਲ ਗੁਆ ਦਿੱਤਾ ਸੀ। ਮੋਦੀ ਨੇ ਜੈਪੁਰ 'ਚ ਆਪਣੇ ਰੋਡ ਸ਼ੋਅ ਦੌਰਾਨ ਕਾਂਗਰਸ ਦੇ ਪੋਸਟਰਾਂ 'ਤੇ ਪਾਰਟੀ ਪ੍ਰਧਾਨ ਮਲਿਕਾਰਜੁਨ ਖੜਗੇ ਦੀ ਫੋਟੋ ਦਿਖਾਈ ਨਾ ਦੇਣ ਦਾ ਜਿ਼ਕਰ ਕਰਦਿਆਂ ਦੋਸ਼ ਲਗਾਇਆ ਕਿ ਕਾਂਗਰਸ ਨੂੰ ਦਲਿਤ ਦੀ ਪ੍ਰਵਾਹ ਨਹੀਂ ਹੈ। ਉਨ੍ਹਾਂ ਕਿਹਾ ਕਿ ਰਾਜਸਥਾਨ 'ਚ ਅੱਜ ਤਕ ਇਸ ਤੋਂ ਵੱਡੀ ਮਹਿਲਾ ਵਿਰੋਧੀ ਸਰਕਾਰ ਨਹੀਂ ਦੇਖੀ ਇਸ ਲਈ ਰਾਜਸਥਾਨ ਦੇ ਜਨ-ਜਨ 'ਚੋਂ ਕਾਂਗਰਸ ਸਰਕਾਰ ਨੂੰ ਜੜ੍ਹੋਂ ਪੁੱਟਣ ਦਾ ਪ੍ਰਣ ਕੀਤਾ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀਰਵਾਰ ਨੂੰ ਮਥੁਰਾ ਦੇ ਸ੍ਰੀ ਕ੍ਰਿਸਨ ਜਨਮਭੂਮੀ ਮੰਦਰ 'ਚ ਮੱਥਾ ਟੇਕਿਆ। ਉਹ ਸ੍ਰੀ ਕ੍ਰਿਸ਼ਨ ਦੀ ਭਗਤ ਦੇ 525ਵੇਂ ਜਨਮ ਦਿਵਸ ਮੌਕੇ ਕਰਵਾਏ ਜਾ ਰਹੇ 'ਮੀਰਾਬਾਈ ਜਨਮ ਉਤਸਵ' ਵਿੱਚ ਸਾਮਲ ਹੋਣ ਲਈ ਸਹਿਰ 'ਚ ਪਹੁੰਚੇ ਹਨ। ਪ੍ਰੋਗਰਾਮ 'ਚ ਮੋਦੀ ਮੀਰਾਬਾਈ ਦੇ ਸਨਮਾਨ ਵਿੱਚ ਇੱਕ ਯਾਦਗਾਰੀ ਡਾਕ ਟਿਕਟ ਅਤੇ ਸਿੱਕਾ ਜਾਰੀ ਕਰਨਗੇ ਅਤੇ ਇੱਕ ਸੱਭਿਆਚਾਰਕ ਪ੍ਰੋਗਰਾਮ ਵਿੱਚ ਸਿ਼ਰਕਤ ਕਰਨਗੇ। ਇਸ ਪ੍ਰੋਗਰਾਮ 'ਚ ਅਦਾਕਾਰਾ ਤੋਂ ਸਿਆਸਤਦਾਨ ਬਣੀ ਹੇਮਾ ਮਾਲਿਨੀ ਪ੍ਰਦਰਸਨ ਕਰੇਗੀ। ਪ੍ਰਧਾਨ ਮੰਤਰੀ ਨੇ ਐਕਸ 'ਤੇ ਇੱਕ ਪੋਸਟ ਵਿੱਚ ਕਿਹਾ ਕਿ ਮੀਰਾਬਾਈ ਦਾ ਜੀਵਨ ਸ਼ੁੱਧ ਸਰਧਾ ਅਤੇ ਵਿਸਵਾਸ ਦੀ ਇੱਕ ਵਿਲੱਖਣ ਉਦਾਹਰਣ ਹੈ। ਭਗਵਾਨ ਸ੍ਰੀ ਕ੍ਰਿਸਨ ਨੂੰ ਸਮਰਪਿਤ ਉਨ੍ਹਾਂ ਦੇ ਭਜਨ ਅਤੇ ਦੋਹੇ ਅੱਜ ਵੀ ਸਾਡੇ ਸਾਰਿਆਂ ਦੇ ਦਿਲਾਂ ਨੂੰ ਸਰਧਾ ਨਾਲ ਭਰ ਦਿੰਦੇ ਹਨ।

## ਕਾਂਗਰਸ ਧਰਮ ਨਿਰਪੱਖਤਾ 'ਤੇ ਅਮਲ ਕਰਦੀ ਹੈ, ਭਾਜਪਾ ਧਰੁਵੀਕਰਨ ਕਰਦੀ ਹੈ: ਖੜਗੇ

ਨਾਗਪੁਰ - ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਅੱਜ ਭਾਰਤੀ ਜਨਤਾ ਪਾਰਟੀ 'ਤੇ ਧਰੁਵੀਕਰਨ ਤੇ ਤੁਸ਼ਟੀਕਰਨ ਦੀ ਰਾਜਨੀਤੀ ਵਿੱਚ ਸ਼ਾਮਲ ਹੋਣ ਦਾ ਦੋਸ਼ ਲਾਇਆ ਅਤੇ ਦਾਅਵਾ ਕੀਤਾ ਕਿ ਦੇਸ਼ ਦੀ ਸਭ ਤੋਂ ਪੁਰਾਣੀ ਪਾਰਟੀ ਕਾਂਗਰਸ ਹੀ ਧਰਮ ਨਿਰਪੱਖਤਾ 'ਤੇ ਅਮਲ ਕਰਦੀ ਹੈ। ਖੜਗੇ ਨੇ ਕਾਂਗਰਸ ਪਾਰਟੀ ਦੀ ਸਰਕਾਰ ਬਣਨ 'ਤੇ ਜਾਤੀ ਆਧਾਰਤ ਜਨਗਣਨਾ ਕਰਵਾਉਣ ਦੀ ਵਚਨਬੱਧਤਾ ਵੀ ਦੁਹਰਾਈ। ਉਹ ਇੱਥੇ ਕਾਂਗਰਸੀ ਆਗੂ ਅਵਿਨਾਸ਼ ਪਾਂਡੇ ਵੱਲੋਂ ਕਰਵਾਏ ਗਏ ਇਕ ਨਿੱਜੀ ਸਮਾਰੋਹ ਵਿੱਚ ਸ਼ਾਮਲ ਹੋਣ ਤੋਂ ਬਾਅਦ ਨਾਗਪੁਰ ਹਵਾਈ ਅੱਡੇ 'ਤੇ ਮੀਡੀਆ ਨਾਲ ਗੱਲਬਾਤ ਕਰ ਰਹੇ ਸਨ।

## 'ਅਕਾਊਂਟ ਐਗਰੀਗੇਟਰਜ ਕੋਲ ਗਾਹਕਾਂ ਦਾ ਵਿੱਤੀ ਡੇਟਾ ਸੁਰੱਖਿਅਤ'

ਨਵੀਂ ਦਿੱਲੀ - ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਨੇ ਅੱਜ ਇੱਥੇ ਕਿਹਾ ਕਿ ਅਕਾਊਂਟ ਐਗਰੀਗੇਟਰਜ (ਏਏ) ਨਾਲ ਸਾਂਝਾ ਕੀਤਾ ਗਿਆ ਗਾਹਕਾਂ ਦਾ ਡੇਟਾ ਭਾਰਤ ਵਿੱਚ ਪੂਰੀ ਤਰ੍ਹਾਂ ਸੁਰੱਖਿਅਤ ਹੈ। ਅਕਾਊਂਟ ਐਗਰੀਗੇਟਰਜ ਅਜਿਹੀਆਂ ਵਿੱਤੀ ਇਕਾਈਆਂ ਹਨ, ਜੋ ਗਾਹਕਾਂ ਦੀ ਸਹਿਮਤੀ ਲੈ ਕੇ ਉਨ੍ਹਾਂ ਦਾ ਡੇਟਾ ਵਿੱਤੀ ਸੂਚਨਾ ਦਾਤਾਵਾਂ (ਐੱਫਆਈਪੀ) ਤੋਂ ਲੈ ਕੇ ਵਿੱਤੀ ਸੂਚਨਾ ਉਪਯੋਗਕਰਤਾਵਾਂ (ਐੱਫਆਈਯੂ) ਨਾਲ ਸਾਂਝਾ ਕਰਦੀਆਂ ਹਨ। ਸੀਤਾਰਾਮਨ ਨੇ ਅਕਾਊਂਟ ਐਗਰੀਗੇਟਰ ਯੋਜਨਾ ਦੀ ਮੱਠੀ ਰਫਤਾਰ 'ਤੇ ਚਿੰਤਾ ਜਾਹਿਰ ਕਰਦਿਆਂ ਕਿਹਾ, "ਇਹ ਓਨਾ ਨਹੀਂ ਹੈ, ਜਿੰਨਾ ਮੈਂ ਚਾਹੁੰਦੀ ਹਾਂ। ਇਹ ਬਿਹਤਰ ਹੋ ਸਕਦਾ ਹੈ। ਇਸ ਦਾ ਮਤਲਬ ਹੈ ਕਿ ਜਾਂ ਤਾਂ ਇਸ ਬਾਰੇ ਲੋੜੀਂਦੀ ਜਾਗਰੂਕਤਾ ਪੈਦਾ ਨਹੀਂ ਹੋ ਸਕੀ ਜਾਂ ਫਿਰ ਇਸ ਤਕਨਾਲੋਜੀ ਨੂੰ ਹੋਰ ਆਸਾਨ ਬਣਾਉਣ ਦੀ ਲੋੜ ਹੈ।" ਉਨ੍ਹਾਂ ਇੱਥੇ ਕਰਵਾਏ ਗਏ 'ਡੇਟ ਵਿਦ ਟੈੱਕ' ਸਮਾਰੋਹ ਵਿੱਚ ਕਿਹਾ, "ਸਰਕਾਰੀ ਅਤੇ ਨਿੱਜੀ ਦੋਵਾਂ ਖੇਤਰਾਂ ਦੇ ਬੈਂਕਾਂ ਨੇ ਇੱਕ ਵਾਰ ਮੇਰੇ ਨਾਲ ਇਸ ਦੀ ਸਮੀਖਿਆ ਕੀਤੀ ਹੈ। ਬੈਂਕ ਇਸ ਯੋਜਨਾ ਦੇ ਮੈਂਬਰ ਜਾਂ ਹਿੱਸਾ ਬਣ ਗਏ ਹਨ ਅਤੇ ਯਕੀਨਨ ਇਸ 'ਚ ਮਦਦ ਮਿਲੀ ਹੈ।"

Kool Cakes

ਸੰਸਾਰ ਦੀ ਸਾਰੀ ਮਨੁੱਖਤਾ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਅਣਗਿਣਤ ਵਧਾਈਆਂ



Cakes for all occasions

We make cakes with or without eggs, vegan and gluten free in a variety of flavours. Available same day.

Design and Order Your Cakes
Online @ www.koolcakes.uk
Customer service 020 7052 5152
Email us sales@koolcakes.uk

* Delivery available on request
*T's & C's apply

Heston Branch
9 Central Parade,
New Heston Road,
Heston, Middlesex TW5 0LQ
Tel: 020 8577 6393

Kingsbury Branch
2 Honeypot Lane,
Kingsbury,
London NW9 9QD
Tel: 020 8204 3949

# ਚੀਨ ਆਧਾਰਿਤ ਅਮਰੀਕੀ ਧਨਾਢ ਨੂੰ ਸੰਮਨ ਜਾਰੀ

ਨਵੀਂ ਦਿੱਲੀ: ਐਨਫ਼ੋਰਸਮੈਂਟ ਡਾਇਰੈਕਟੋਰੇਟ (ED) ਨੇ ਔਨਲਾਈਨ ਨਿਊਜ ਪੋਰਟਲ ਨਿਊਜ਼ਕਲਿੰਕ ਨਾਲ ਜੁੜੀ ਮਨੀ ਲੌਂਡਰਿੰਗ ਦੀ ਜਾਂਚ ਦੇ ਸਬੰਧ 'ਚ ਅਮਰੀਕੀ ਧਨਾਢ ਨੈਸ਼ਵਿਲ ਦੇ ਰੌਏ ਸਿੰਘਮ ਨੂੰ ਸਜਰੇ ਸੰਮਨ ਜਾਰੀ ਕੀਤੇ ਹਨ। ਮੌਜੂਦਾ ਸਮੇਂ ਸੰਘਾਈ (ਚੀਨ) ਆਧਾਰਿਤ ਕਾਰੋਬਾਰੀ 'ਤੇ ਭਾਰਤ 'ਚ ਚੀਨ ਪੱਖੀ ਪ੍ਰੌਪੇਗੰਡੇ ਦੇ ਪ੍ਰਚਾਰ ਪਾਸਾਰ ਦਾ ਦੋਸ਼ ਹੈ। ਸੂਤਰਾਂ ਨੇ ਕਿਹਾ ਕਿ ED ਨੇ ਸਿੰਘਮ ਨੂੰ ਮਨੀ ਲੌਂਡਰਿੰਗ ਰੋਕੂ ਐਕਟ ਵਿਚਲੀਆਂ ਵਿਵਸਥਾਵਾਂ ਤਹਿਤ ਸਜਰੇ ਸੰਮਨ ਜਾਰੀ ਕੀਤੇ ਹਨ। ਸੂਤਰਾਂ ਮੁਤਾਬਿਕ ਸਿੰਘਮ ਦੇ ਬਿਆਨ ਦਰਜ ਕਰਨ ਲਈ ਏਜੰਸੀ ਨੂੰ ਸਥਾਨਕ ਕੋਰਟ ਤੋਂ ਲੈਟਰਜ ਰੋਗੇਟਰੀ ਜਾਰੀ ਹੋਇਆ ਸੀ ਜਿਸ ਮਗਰੋਂ ਕਾਰੋਬਾਰੀ ਨੂੰ ਸੰਮਨ ਜਾਰੀ ਕਰਨੇ ਪਏ ਹਨ। ਸਿੰਘਮ ਨੂੰ ਸੰਮਨ ਉਸ ਦੀ ਈ-ਮੇਲ ID ਅਤੇ ਚੀਨ ਸਰਕਾਰ ਦੇ ਚੈਨਲਾਂ ਜ਼ਰੀਏ ਭੇਜੇ ਗਏ ਹਨ।



## ਜ਼ਰੂਰੀ ਬੇਨਤੀ

ਲੇਖਕਾਂ ਨੂੰ ਸਨਿਮਰ ਬੇਨਤੀ ਹੈ ਕਿ ਮਨ ਜਿੱਤ ਵਿਚ ਛਪਣ ਵਾਲੀਆਂ ਰਚਨਾਵਾਂ ਨੂੰ ਭੇਜਣ ਸਮੇਂ ਕ੍ਰਿਪਾ ਕਰ ਕੇ ਸਾਫ ਸੁਥਰਾ ਇਕ ਪਾਸੇ ਹੀ ਲਿਖਿਆ ਜਾਵੇ, ਬਹੁਤ ਸਾਰੀਆਂ ਰਚਨਾਵਾਂ ਇਕ ਵਾਰੀ ਭੇਜਣ ਦੀ ਬਜਾਇ ਇਕ ਸਮੇਂ ਇਕ ਹੀ ਰਚਨਾ ਭੇਜੀ ਜਾਵੇ ਅਤੇ ਜੇ ਮੇਰੇ ਪਿਆਰੇ ਲੇਖਕ ਬੁਰਾ ਨਾ ਮਨਾਉਣ ਤਾਂ ਜਿਹੜੀ ਰਚਨਾ ਮਨ ਜਿੱਤ ਨੂੰ ਭੇਜੀ ਹੈ, ਉਹ ਉਸੇ ਸਮੇਂ ਕਿਸੇ ਹੋਰ ਅਖ਼ਬਾਰ ਨੂੰ ਨਾ ਭੇਜੀ ਜਾਵੇ ਅਤੇ ਆਪਣਾ ਪੂਰਾ ਪਤਾ ਸੰਪਰਕ ਨੰਬਰ ਸਮੇਤ ਵੀ ਲਿਖੋ। ਮਨ ਜਿੱਤ ਅਦਾਰਾ ਤੁਹਾਡੇ ਇਸ ਸਹਿਯੋਗ ਲਈ ਅਤਿ ਧੰਨਵਾਦੀ ਹੋਵੇਗਾ।

-ਮੁੱਖ ਸੰਪਾਦਕ


# MANN JITT WEEKLY

**Chief Patron:**
Mr. Balbir S, Lalli
B.A.(Hons),LLB(Hons),DIP M.R.S.

**Patrons:**
Mr.Kabaljit S. Sandhu(DBK Estate)
Mr.Dalbir S. Sandhu(Landmark Group)
Mr.Nirmal S. Rahal(O.T.L Mids.Ltd)

**Chief Adviser:**
Balbir S. Sekhon(Pamal)

**Advisers:**
Mr.K.S.S.Anand
Mr.Baldev S. Gill (Shere Punjab)
Mr.Shalbinder S. Mallee(Leamington)
Mr.Joginder S Dhesian Sang
Editor in Chief:Karam S. Karam
Editor:Karwinder S. Raikoti

**Features Editor:**
Manpreet Daroch

**General Manager:**
Raj Singh

**I.T. Manager:**
Tina Kaur

**Distribution Manager:**
Saab Bhati

**Co-ordinator:**
Mohan S. Mastana

**Advertisement:**
0121 526 6099

**Head Office:**
267 Darlaston Road,
Darlaston,West Mids WS10 7TG
www.mannjittweekly.co.uk
Email:mannjittweekly@aol.com
www.mannjittweeklyonline,com


## ਜੈਸ਼ੰਕਰ ਵੱਲੋਂ ਸੈਸ਼ਲਜ ਦੇ ਵਿਦੇਸ਼ ਮੰਤਰੀ ਨਾਲ ਮੁਲਾਕਾਤ

ਨਵੀਂ ਦਿੱਲੀ - ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਅੱਜ ਆਪਣੇ ਸੈਸ਼ਲਜ ਦੇ ਹਮਰੁਤਬਾ ਸਿਲਵੈਸਤਰੇ ਰੇਡਗੌਂਡੇ ਨਾਲ ਮੁਲਾਕਾਤ ਕਰਕੇ ਦੁਵੱਲੇ ਸਬੰਧਾਂ ਤੇ ਖੇਤਰੀ ਮਸਲਿਆਂ ਬਾਰੇ ਚਰਚਾ ਕੀਤੀ। ਜੈਸ਼ੰਕਰ ਨੇ ਐਕਸ 'ਤੇ ਕਿਹਾ ਕਿ ਉਨ੍ਹਾਂ ਰੇਡਗੌਂਡੇ ਦਾ ਸਵਾਗਤ ਕੀਤਾ ਅਤੇ ਉਨ੍ਹਾਂ ਨੂੰ ਭਰੋਸਾ ਹੈ ਕਿ ਅੱਜ ਹੋਈ ਵਿਚਾਰ ਚਰਚਾ ਨਾਲ ਦੋਵਾਂ ਮੁਲਕਾਂ ਦਰਮਿਆਨ ਸਬੰਧ ਹੋਰ ਮਜਬੂਤ ਹੋਣਗੇ। ਵਿਦੇਸ਼ ਮੰਤਰੀ ਨੇ ਕਿਹਾ, 'ਦੁਵੱਲੇ ਸਬੰਧਾਂ ਬਾਰੇ ਲੰਮੀ-ਚੌੜੀ ਵਿਚਾਰ-ਚਰਚਾ ਕੀਤੀ। ਖੇਤਰੀ ਮਸਲਿਆਂ ਬਾਰੇ ਵੀ ਗੱਲਬਾਤ ਹੋਈ। ਦੋਵਾਂ ਮੁਲਕਾਂ ਦਰਮਿਆਨ ਸਮਝੌਤੇ ਵੀ ਸਹੀਬੱਧ ਕੀਤੇ ਗਏ।' ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ 'ਸਾਗਰ' ਨੀਤੀ ਤਹਿਤ ਦੋਵਾਂ ਮੁਲਕਾਂ ਵਿਚਾਲੇ ਸਬੰਧ ਮਜਬੂਤ ਹੋਏ ਹਨ।



Consul Genertal
Dr. S Vikram




Consul Amanat Maan

Consul General of India Dr. S. Vikram and all the staff at Birmingham, Congratulates to all the Humans on the Pargat Day of Shiri Guru Nanak Dev ji who gave us the Universal message of Equality, Unity, Tolerance , Caring & Sharing , Trust and Patience.

# ਐਲਕ ਗਰੋਵ ਸਿਟੀ ਵਲੋਂ ਨਵੰਬਰ ਸਿੱਖ ਜਾਗਰੂਕਤਾ ਮਹੀਨਾ ਘੋਸ਼ਿਤ

ਰੀਜਾਈਨਾ: ਸੈਕਰਾਮੈਂਟੋ ਕਾਊਂਟੀ ਦੇ ਸ਼ਹਿਰ ਐਲਕ ਗਰੋਵ ਸਿਟੀ ਵਲੋਂ ਨਵੰਬਰ ਨੂੰ ਸਿੱਖ ਜਾਗਰੂਕਤਾ ਅਤੇ ਧੰਨਵਾਦ ਮਹੀਨੇ ਵਜੋਂ ਮਨਾਇਆ ਜਾ ਰਿਹਾ ਹੈ।

ਇਸ ਸਬੰਧੀ ਸਿਟੀ ਕੌਂਸਲ ਮੀਟਿੰਗ ਦੌਰਾਨ ਇੱਕ ਪਰੌਕਲੇਮੇਸ਼ਨ ਜਾਰੀ ਕੀਤਾ ਗਿਆ ਜਿਸ 'ਚ ਸਿੱਖਾਂ ਵਲੋਂ ਅਮਰੀਕਾ 'ਚ ਪਾਏ ਆਪਣੇ ਵਡਮੁੱਲੇ ਯੋਗਦਾਨ ਸਬੰਧੀ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ। ਪਰੋਕਲੇਮੇਸ਼ਨ ਨੂੰ ਪੜ੍ਹਦਿਆਂ ਕੌਂਸਲ ਮੈਂਬਰ ਰੋਡ ਬਰਿਊਅਰ ਨੇ ਕਿਹਾ ਕਿ ਸਿੱਖਾਂ ਦਾ ਅਮਰੀਕਾ 'ਚ ਅਹਿਮ ਯੋਗਦਾਨ ਹੈ ਅਤੇ ਸਿੱਖਾਂ ਨੇ ਅਮਰੀਕਾ 'ਚ ਰਹਿ ਕੇ ਇਸ ਸਥਾਨਕ ਅਰਥਚਾਰੇ 'ਚ ਵਡਮੁੱਲਾ ਯੋਗਦਾਨ ਪਾਇਆ ਹੈ। ਇਸ ਪਰੌਕਲੇਮੇਸ਼ਨ 'ਚ ਸਿੱਖ ਧਰਮ ਦੀ ਵਡਿਆਈ ਵੀ ਕੀਤੀ ਗਈ।ਇਸ ਦੌਰਾਨ ਸਿਟੀ ਦੇ ਕਮਿਸ਼ਨਰ ਗੁਰਜਤਿੰਦਰ ਸਿੰਘ ਰੰਧਾਵਾ ਨੇ ਬੋਲਦਿਆਂ ਕਿਹਾ ਕਿ ਭਾਵੇਂ ਕਿ ਸਿੱਖਾਂ ਨੇ ਅਮਰੀਕਾ 'ਚ ਬਹੁਤ ਵਡਮੁੱਲਾ ਯੋਗਦਾਨ ਪਾਇਆ ਹੈ, ਪਰ ਹਾਲੇ ਤਕ ਸਿੱਖ ਕੌਮ ਦੀ ਪਹਿਚਾਣ ਅਮਰੀਕਾ 'ਚ ਨਹੀਂ ਬਣੀ ਜਿਸ ਵੱਲ ਸਥਾਨਕ ਸਰਕਾਰਾਂ ਨੂੰ ਧਿਆਨ ਦੇਣ ਦੀ ਲੋੜ ਹੈ। ਕੌਂਸਲ ਮੈਂਬਰ ਡੈਰਨ ਸਿਊਨ, ਕੌਂਸਲ ਮੈਂਬਰ ਰੋਡ ਬਰਿਊਅਰ ਅਤੇ ਕੌਂਸਲ ਮੈਂਬਰ ਸਰਜੀਓ ਰੋਬਲਸ ਨੇ ਪਰੌਕਲੇਮੇਸ਼ਨ ਗੁਰਜਤਿੰਦਰ ਸਿੰਘ ਰੰਧਾਵਾ ਨੂੰ ਸੌਂਪਿਆ।




ਸੰਸਾਰ ਦੀ ਸਾਰੀ ਮਨੁੱਖਤਾ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਅਣਗਿਣਤ ਵਧਾਈਆਂ

**ASIAN ADVICE CENTRE**

ਜੇ ਤੁਹਾਨੂੰ ਤੁਹਾਡੇ ਬਣਦੇ ਬੈਨੀਫਿਟਸ ਬਾਰੇ ਕੋਈ ਜਾਣਕਾਰੀ ਚਾਹੀਦੀ ਹੈ ਤਾਂ ਸਾਨੂੰ ਹੇਠ ਲਿਖੇ ਪਤੇ ਉਤੇ ਮਿਲੋ ਜਾਂ ਸੰਪਰਕ ਕਰੋ ਅਸੀਂ ਤੁਹਾਡੀ ਕਾਨੂੰਨ ਅਨੁਸਾਰ ਬਣਦੇ ਹੱਕ ਲੈਣ ਵਿੱਚ ਮਦਦ ਕਰ ਸਕਦੇ ਹਾਂ



Pesonal Independence Allowance (PIP)
Attendance Allowance (AA)
Job Seeker's Allowance (JSA)
Employment Support Allowance (ESA)

**We can advise you to get the right Benefits for which you are entitled.**

**For Further Enquiries Please**

**Contact: Mr. Singh or Mr. Khan 07966 137 043 between 1pm to 6pm**

**24 Chestnut Way, Wolverhampton,WV3 8AE**



ਪਰਚੇ ਵਿਚ ਲੇਖਕਾਂ ਵੱਲੋਂ ਪ੍ਰਗਟਾਏ ਗਏ ਵਿਚਾਰਾਂ ਨਾਲ ਮਨ ਜਿੱਤ ਸਮੂਹ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ। ਸੰਪਾਦਕ ਨੂੰ ਕਿਸੇ ਵੀ ਰਚਨਾ ਨੂੰ ਕੱਟਣ ਜਾਂ ਰੱਦ ਕਰ ਦੇਣ ਦਾ ਪੂਰਾ ਅਧਿਕਾਰ ਹੈ।

Mann Jitt Ltd. aim to make sure all services provided by those who advertise in this publication are genuine. However we are not liable for the services they provide. Mann Jitt Ltd. does not endorse any products or services advertised in the publication. advertiser's statements are independent of Mann Jitt Ltd. We do not accept responsibility for any unsolicited comments, photos or artwork. Mann Jitt Ltd. accepts no liability for any losses or damages occurred to any company, oraganisation or persons due to any advertisement or article in Mann Jitt weekly. Please seek legal advice before buying, hiring or contraction through any advertisements published.



ਸੰਸਾਰ ਦੀ ਸਾਰੀ ਮਨੁੱਖਤਾ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਅਣਗਿਣਤ ਵਧਾਈਆਂ

## ਦਿਲਦਾਰ ਸਿੰਘ ਸਹੋਤਾ ਵੱਲੋਂ

ਸੰਸਾਰ ਦੀ ਸਾਰੀ ਮਨੁੱਖਤਾ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਅਣਗਿਣਤ ਵਧਾਈਆਂ





ਕੌਂਸਲਰ ਭੁਪਿੰਦਰ ਸਿੰਘ ਗਾਖਲ ਅਤੇ ਪਰਿਵਾਰ ਵੱਲੋਂ ਸੰਸਾਰ ਦੀ ਸਾਰੀ ਮਨੁੱਖਤਾ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਅਣਗਿਣਤ ਵਧਾਈਆਂ


## The Red Lion Pub



ਦੇ ਮਾਲਕ ਅਤੇ ਵਾਲੀਵਾਲ ਦੇ ਉਚ-ਕੋਟੀ ਦੇ ਖਿਡਾਰੀ ਸ੍ਰ. ਸੁਰਜੀਤ ਸਿੰਘ ਪੁਰੇਵਾਲ

ਵੱਲੋਂ ਸੰਸਾਰ ਦੀ ਸਾਰੀ ਮਨੁੱਖਤਾ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਅਣਗਿਣਤ ਵਧਾਈਆਂ

Large Screen, Sky Sports and B.B.Q. Every Evening

*190 All Saints Way, West Bromwich B71 1RH*

Tel : 0121-5882304


ਆਈ ਓ ਸੀ ਵੁਲਵਰਹੈਂਪਟਨ ਦੇ ਚੇਅਰਮੈਨ ਸ. ਰਘਬੀਰ ਸਿੰਘ ਬੈਂਸ

ਵੱਲੋਂ ਸੰਸਾਰ ਦੀ ਸਾਰੀ ਮਨੁੱਖਤਾ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਅਣਗਿਣਤ ਵਧਾਈਆਂ



ਸੰਸਾਰ ਦੀ ਸਾਰੀ ਮਨੁੱਖਤਾ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਅਣਗਿਣਤ ਵਧਾਈਆਂ




## G.S.K LIQUOR SHOP



ਸ. ਜੱਗਾ ਸਿੰਘ ਕੈਲੇ ਅਤੇ ਪ੍ਰੀਵਾਰ

ਵੱਲੋਂ ਸੰਸਾਰ ਦੀ ਸਾਰੀ ਮਨੁੱਖਤਾ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਅਣਗਿਣਤ ਵਧਾਈਆਂ

ਸਾਡੇ ਸਟੋਰ ਵਿੱਚੋਂ ਸਾਰੀਆਂ ਡਰਿੰਕਸ ਅਤੇ ਗਰੌਸਰੀ ਸਸਤੇ ਭਾਅ ਤੇ ਮਿਲਦੀ ਹੈ। ਸਾਡੇ ਕੋਲ ਪਟਾਕੇ,ਆਤਿਸ਼ਬਾਜ਼ੀ ਅਤੇ ਫੁੱਲਝੜੀਆਂ ਦਾ ਵੱਡਾ ਸਟੌਕ ਹੈ ਅਤੇ ਹੈ ਵੀ ਸਸਤਾ

Open 7 Days

371 Dudley Road, Wolverhampton
Tel:01902 458 433




ਗੁਰੂ ਨਾਨਕ ਸਿੱਖ ਗੁਰਦੁਆਰਾ ਸਮੈਦਿਕ ਦੇ ਰਹਿ ਚੁੱਕੇ ਪ੍ਰਧਾਨ, ਪਵਾਰ ਬਿਲਡਿੰਗ ਕਨਸਟਰੱਕਸ਼ਨ ਕੰਪਣੀ ਦੇ ਮਾਲਕ ਅਤੇ ਸਮਾਜ ਸੇਵੀ ਸ. ਰਵਿੰਦਰ ਸਿੰਘ ਪਵਾਰ ਵੱਲੋਂ ਸੰਸਾਰ ਦੀ ਸਾਰੀ ਮਨੁੱਖਤਾ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਅਣਗਿਣਤ ਵਧਾਈਆਂ


## ਜੇ ਤੁਸੀਂ ਹੇਠ ਲਿਖੀਆਂ ਤਕਲੀਫਾਂ:-



ਜਿਵੇਂ ਧਰੁਨ, ਚੁੱਕ, ਸਲਿੱਪ ਡਿਸਕ, ਜੋੜਾਂ ਦਾ ਉਤਰਨਾ, ਬੈਕ ਜਾਂ ਗਰਦਨ ਦੀ ਤਕਲੀਫ, ਮਾਈਗ੍ਰੇਨ, ਸਿਰ ਦਰਦ, ਸਟਰੈਸ ਜਾਂ ਐਂਗਜ਼ਾਇਟੀ, ਬਲੱਡ ਸਰਕੂਲੇਸ਼ਨ ਜਾਂ ਮਰਦਾਨਾ ਕਮਜ਼ੋਰੀ ਆਦਿ ਤੋਂ ਪੀੜਤ ਹੋ।

ਤਾਂ ਹੇਠ ਲਿਖੇ ਨੰਬਰ ਤੇ ਸੰਪਰਕ ਕਰੋ।



**Mr. Singh 07721 827 977**

ਇਹ ਸੇਵਾ ਤੁਹਾਡੇ ਘਰ ਆਕੇ ਵੀ ਕੀਤੀ ਜਾ ਸਕਦੀ ਹੈ।
ਦੇਖਿਓ ਕਿਵੇਂ ਫਾਇਦਾ ਪਹੁੰਚਦਾ।
ਸਾਨੂੰ ਜੱਦੀ ਬਖ਼ਸ਼ ਹੈ।

ਸੰਸਾਰ ਦੀ ਸਾਰੀ ਮਨੁੱਖਤਾ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਅਣਗਿਣਤ ਵਧਾਈਆਂ



## RAMA EMPIRE PROPERTIES

Property Dealer/Developer

ਵੱਲੋਂ ਸੰਸਾਰ ਦੀ ਸਾਰੀ ਮਨੁੱਖਤਾ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਅਣਗਿਣਤ ਵਧਾਈਆਂ



- Properties bought for cash (any condition).
- Specialise in family/student letting.
- Friendly family run business.

Ring us today on :
07884052680. 07915088228

ਸੰਸਾਰ ਦੀ ਸਾਰੀ ਮਨੁੱਖਤਾ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਅਣਗਿਣਤ ਵਧਾਈਆਂ

# ਸਕਾਈਵੇਜ਼ ਟਰੈਵਲ ਬਰਮਿੰਘਮ

ਅਸੀਂ ਦੁਨੀਆਂ ਭਰ ਵਿੱਚ ਜਾਣ ਲਈ ਸਸਤੀਆਂ ਹਵਾਈ ਟਿਕਟਾਂ ਦੇ ਨਾਲ ਨਾਲ ਹੇਠ ਲਿਖੀਆਂ ਸੇਵਾਵਾਂ ਵੀ ਦਿੰਦੇ ਹਾਂ ਜਿਵੇਂ:-



1. SPONSORSHIP DECLARATION.
2. Accommodation arrangement Worldwide.
3. Affidavits. Wills. Power of Attorneys.
4. Certify Documents.

ਅਸੀਂ ਤੁਹਾਨੂੰ ਸਹੀ ਸਰਕਾਰੀ ਭੱਤੇ ਜਾਂ ਫਾਇਦੇ ਦਿਵਾਉਣ ਵਿੱਚ ਮੱਦਦ ਕਰ ਸਕਦੇ ਹਾਂ ਜਿਨ੍ਹਾਂ ਬਾਰੇ ਤੁਹਾਨੂੰ ਪੂਰੀ ਜਾਣਕਾਰੀ ਨਹੀਂ ਅਤੇ ਬਣਦੇ ਫਾਇਦਿਆਂ ਤੋਂ ਵਾਂਝੇ ਹੋ। ਇਹ ਫਾਇਦਾ ਉਠਾਉਣ ਜਾਂ ਸਲਾਹ ਲੈਣ ਲਈ Mr. Khan ਨੂੰ ਇਸ ਨੰਬਰ ਤੇ 07966 137 043 ਜਾਂ Mr. Sandhi ਨੂੰ 07960 518 986 ਤੇ ਸੰਪਰਕ ਕਰੋ।


## SKYWAYS TRAVEL BIRMINGHAM LTD.

274B Soho Road, Handsworth B21 9LX

**Contact: Mr. & Mrs. Sandhi**

Email:skywaystravel1007@hotmail.com

Tel:0121 523 3050(3lines) Or 08456 441 740(3lines)

ਬਲਵਿੰਦਰ ਗਰੇਵਾਲ ਅਤੇ ਮਨਜੀਤ ਕੌਰ ਵੱਲੋਂ ਸੰਸਾਰ ਦੀ ਸਾਰੀ ਮਨੁੱਖਤਾ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਅਣਗਿਣਤ ਵਧਾਈਆਂ



ਗੁਰੂ ਨਾਨਕ ਸਤਿਸੰਗ ਸਿੱਖ ਗੁਰਦਵਾਰਾ, ਕੈਨਕ ਰੋਡ ਦੇ ਮੁੱਖ ਸੇਵਾਦਾਰ ਅਤੇ ਸਮੂਹ ਕਮੇਟੀ ਦੇ ਨਾਲ ਸਾਰੀ ਸੰਗਤ ਵੱਲੋਂ ਸੰਸਾਰ ਦੀ ਸਾਰੀ ਮਨੁੱਖਤਾ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਅਣਗਿਣਤ ਵਧਾਈਆਂ



ਬਰਤਾਨਵੀ ਸੰਸਦ ਦੇ ਰਹਿ ਚੁੱਕੇ ਸੰਸਦ ਮੈਂਬਰ ਅਤੇ ਯੂ ਕੇ ਦੇ ਛੋਟੇ ਵਪਾਰਾਂ ਦੇ ਕਮਿਸ਼ਨਰ ਸ. ਪੌਲ ਸਿੰਘ ਉੱਪਲ ਅਤੇ ਉਨ੍ਹਾਂ ਦੇ ਪ੍ਰੀਵਾਰ ਵੱਲੋਂ

**ਸੰਸਾਰ ਦੀ ਸਾਰੀ ਮਨੁੱਖਤਾ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਅਣਗਿਣਤ ਵਧਾਈਆਂ**

# Marc Darcy Brand Again Award Winner of 2022



ਮਾਨਚੈਸਟਰ ਦੀ ਮਸ਼ਹੂਰ ਗੋਰਡਨ ਬੈਨਿੱਟ ਕੰਪਨੀ ਦੇ 'ਮਾਰਕ ਡਾਰਸੀ ਬ੍ਰਾਂਡ ਐਵਾਰਡ ਵਿਨਰ' ਵੱਲੋਂ

**ਸੰਸਾਰ ਦੀ ਸਾਰੀ ਮਨੁੱਖਤਾ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਅਣਗਿਣਤ ਵਧਾਈਆਂ**


ਹਰ ਸਾਈਜ਼ ਦੀਆਂ ਸਕਿੱਪਾਂ ਲਈ ਸਾਨੂੰ ਫੋਨ ਕਰੋ।

"ਅਸੀਂ ਭਰਤੀ ਲਈ ਮਿੱਟੀ ਅਤੇ ਹਾਰਡ ਕੋਰ ਵੀ ਸਪਲਾਈ ਕਰਦੇ ਹਾਂ।"

# No.1 Skip




ਸੰਸਾਰ ਦੀ ਸਾਰੀ ਮਨੁੱਖਤਾ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਅਣਗਿਣਤ ਵਧਾਈਆਂ



Contact : Neka Marryuria
Tel: 0121-553-1702, 07506-712-284
Email: no1skiphire@talktalk.net

Palace Drive Off Spon Lane South
Smethwick West
Midlands B66 1NZ



ਇੰਡੀਅਨ ਓਵਰਸੀਜ਼ ਕਾਂਗਰਸ ਵੁਲਵਰਹੈਂਪਟਨ ਦੇ ਪ੍ਰਧਾਨ, ਮਿਡਲੈਂਡ ਪੌਲਿਸ਼ਿੰਗ ਐਂਡ ਪਲੇਟਿੰਗ ਕੰਪਨੀ ਦੇ ਮਾਲਕ ਸ. ਜਗੀਰ ਸਿੰਘ ਦੁਦਰਾਹ , ਉਨ੍ਹਾਂ ਦੇ ਪ੍ਰੀਵਾਰ ਅਤੇ ਸਟਾਫ ਵਲੋਂ

ਸੰਸਾਰ ਦੀ ਸਾਰੀ ਮਨੁੱਖਤਾ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਅਣਗਿਣਤ ਵਧਾਈਆਂ


# 2024 ਲੋਕ ਸਭਾ ਚੋਣਾਂ ਨੇ ਮੋਦੀ ਦਾ ਫ਼ੋਕੱਸ



ਮਿਸੀਸਾਗਾ: ਪ੍ਰਧਾਨ ਮੰਤਰੀ ਨਰੇਂਦਰ ਮੋਦੀ ਭਾਜਪਾ ਦੀ ਕਿਸਮਤ ਚਮਕਾਉਣ ਲਈ ਪੰਜ 'ਚੋਂ ਚਾਰ ਚੋਣਾਂ ਵਾਲੇ ਸੂਬਿਆਂ 'ਚ ਇੱਕ ਤੋਂ ਬਾਅਦ ਇੱਕ ਰੈਲੀਆਂ ਨੂੰ ਸੰਬੋਧਨ ਕਰ ਰਹੇ ਹਨ, ਪਰ ਉਨ੍ਹਾਂ ਇਨ੍ਹਾਂ ਰੈਲੀਆਂ ਨੂੰ 2024 ਦੀਆਂ ਲੋਕ ਸਭਾ ਚੋਣਾਂ ਨਾਲ ਜੋੜਨ ਤੋਂ ਗ਼ੁਰੇਜ਼ ਨਹੀਂ ਕੀਤਾ। ਉਹ ਕਬਾਇਲੀ ਅਤੇ ਹੋਰ ਵਰਗਾਂ ਨੂੰ ਲੁਭਾਉਣ ਲਈ ਗ਼ੈਰ-ਚੋਣ ਵਾਲੇ ਸੂਬਿਆਂ ਦਾ ਦੌਰਾ ਕਰ ਰਹੇ ਹਨ।

ਸਿਆਸੀ ਮਾਹਰ ਇਸ ਗੱਲ ਤੋਂ ਹੈਰਾਨ ਹਨ ਕਿ ਐਨਫ਼ੋਰਸਮੈਂਟ ਡਾਇਰੈਕਟੋਰੇਟ (ED) ਨੇ ਹਾਲ ਹੀ 'ਚ ਅਚਾਨਕ ਝਾਰਖੰਡ ਦੇ ਮੁੱਖ ਮੰਤਰੀ ਹੇਮੰਤ ਸੋਰੇਨ ਵਿਰੁੱਧ ਚੁੱਪ ਧਾਰ ਲਈ। ਇਹ ਇਸ ਤੱਥ ਦੇ ਬਾਵਜੂਦ ਹੈ ਕਿ ਸੋਰੇਨ ਨੂੰ ED ਵਲੋਂ ਜਾਰੀ ਕੀਤੇ ਗਏ ਕਈ ਸੰਮਨਾਂ ਦੇ ਖ਼ਿਲਾਫ਼ ਅਦਾਲਤਾਂ ਤੋਂ ਕੋਈ ਰਾਹਤ ਨਹੀਂ ਮਿਲੀ ਅਤੇ ਉਮੀਦ ਸੀ ਕਿ ਸੋਰੇਨ ਨੂੰ ਜਲਦੀ ਗ੍ਰਿਫ਼ਤਾਰ ਕੀਤਾ ਜਾ ਸਕਦਾ ਹੈ ਪਰ ED ਨੇ ਚੁੱਪ ਰਹਿਣ ਦਾ ਬਦਲ ਚੁਣਿਆ ਅਤੇ ਕਈ ਹਫ਼ਤਿਆਂ ਤਕ ਕਿਸੇ ਨੂੰ ਵੀ ਇਸ ਮਾਮਲੇ ਬਾਰੇ ਪਤਾ ਨਹੀਂ ਚੱਲਿਆ।

ਭਾਜਪਾ ਲੀਡਰਸ਼ਿਪ ਵੀ ਉਸ 'ਤੇ ਓਨੀ ਜ਼ੁਬਾਨੀ ਹਮਲਾ ਨਹੀਂ ਕਰ ਰਹੀ ਜਿੰਨੀ ਪਹਿਲਾਂ ਕਰਦੀ ਸੀ। ਉਨ੍ਹਾਂ ਦੇ ਕੱਟੜ ਭਾਜਪਾ ਮੁਕਾਬਲੇਬਾਜ਼ ਅਤੇ ਸਾਬਕਾ ਮੁੱਖ ਮੰਤਰੀ ਰਘੁਬਰ ਦਾਸ ਨੂੰ ਓਡਿਸ਼ਾ ਦੇ ਰਾਜਪਾਲ ਦੇ ਅਹੁਦੇ ਤੋਂ ਹਟਾ ਦਿੱਤਾ ਗਿਆ ਹੈ। ਕੀ ਝਾਰਖੰਡ 'ਚ ਕੁੱਝ ਪੱਕ ਰਿਹਾ ਹੈ? ਅਜਿਹਾ ਲੱਗਦਾ ਹੈ ਕਿ ਭਾਜਪਾ ਉਨ੍ਹਾਂ ਸੂਬਿਆਂ ਨੂੰ ਮਜ਼ਬੂਤ ਕਰਨ ਦੀ ਯੋਜਨਾ 'ਤੇ ਕੰਮ ਕਰ ਰਹੀ ਹੈ ਜਿੱਥੇ ਉਹ ਸੱਤਾ 'ਚ ਨਹੀਂ ਹੈ। ਇਸ ਹਫ਼ਤੇ ਦੇ ਸ਼ੁਰੂ 'ਚ ਝਾਰਖੰਡ ਦੇ ਦੌਰੇ ਦੌਰਾਨ ਉਨ੍ਹਾਂ ਨੇ ਜਿਸ ਤਰ੍ਹਾਂ ਪ੍ਰਧਾਨ ਮੰਤਰੀ ਮੋਦੀ ਦੀ ਤਾਰੀਫ਼ ਕੀਤੀ ਸੀ, ਉਸ ਤੋਂ ਪਤਾ ਲੱਗਦਾ ਹੈ ਕਿ ਇੱਕ ਡੂੰਘੀ ਖੇਡ ਖੇਡੀ ਜਾ ਰਹੀ ਹੈ।


ਭਾਜਪਾ ਨੇ ਹੁਣ ਲੋਕ ਸਭਾ ਚੋਣਾਂ 'ਚ ਸਾਰੀਆਂ 28 ਲੋਕ ਸਭਾਂ ਸੀਟਾਂ ਜਿੱਤਣ ਲਈ ਜਨਤਾ ਦਲ (S) ਦੇ ਨੇਤਾ ਐੱਚ. ਡੀ. ਦੇਵਗੌੜਾ ਨਾਲ ਗੱਠਜੋੜ ਕੀਤਾ ਹੈ। ਇਹ ਵੱਖਰੀ ਗੱਲ ਹੈ ਕਿ ਇਸੇ ਕਾਰਨ ਸਾਬਕਾ ਕੇਂਦਰੀ ਮੰਤਰੀ ਅਤੇ ਲੋਕ ਸਭਾ ਮੈਂਬਰ ਡੀ. ਵੀ. ਸਦਾਨੰਦ ਗੌੜਾ ਨੂੰ ਸਿਆਸਤ ਛੱਡਣ ਦਾ ਐਲਾਨ ਕਰਨਾ ਪਿਆ। ਭਾਜਪਾ ਨੇ ਲੋਕ ਸਭਾ ਚੋਣਾਂ 'ਚ ਆਪਣੇ 2019 ਦੇ ਪ੍ਰਦਰਸ਼ਨ ਨੂੰ ਦੁਹਰਾਉਣ ਲਈ ਸਾਬਕਾ ਮੁੱਖ ਮੰਤਰੀ ਬੀ. ਐੱਸ. ਯੇਦੀਯੁਰੱਪਾ 'ਤੇ ਭਰੋਸਾ ਕਰਨ ਦਾ ਫ਼ੈਸਲਾ ਕੀਤਾ ਹੈ।


KING GARAGE

• M.O.T • Repairs • Service • 24Hrs.Recovery

• ਅਸੀਂ ਹਰ ਕਿਸਮ ਦੀ ਕਾਰ ਅਤੇ ਵੈਨ ਦੀ ਰੀਪੇਅਰ ਅਤੇ ਸਰਵਿਸ ਕਰਨ ਵਿੱਚ ਮਾਹਰ ਹਾਂ।
• ਐਮ ਓ ਟੀ ਵੀ ਕਰਦੇ ਹਾਂ।
• 24 ਘੰਟੇ ਵਹੀਕਲ ਰੀਕਵਰੀ ਸੇਵਾ।
• ਮਸ਼ੀਨੀ ਯੰਤਰ ਨਾਲ ਕਾਰ ਜਾਂ ਵੈਨ ਦਾ ਨੁਕਸ ਝੱਟ ਲੱਭ ਲੈਂਦੇ ਹਾਂ।
• ਸਾਡਾ ਕੰਮ ਪੂਰਾ ਤਸੱਲੀਬਖਸ਼ ਅਤੇ ਕੀਮਤਾਂ ਵੀ ਵਾਜਬ।

ਸੰਸਾਰ ਦੀ ਸਾਰੀ ਮਨੁੱਖਤਾ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਅਣਗਿਣਤ ਵਧਾਈਆਂ



Experienced Mechanics Required

Unit B, King Street, Walsall, WS1 4AF

Tel: 01922 620 720 Mob: 07539 836 162



OLD ENGINE PUB



ਦੇ ਮਾਲਕ ਸ. ਜਸਵਿੰਦਰ ਸਿੰਘ ਪੋਲ ਵੱਲੋਂ

ਸੰਸਾਰ ਦੀ ਸਾਰੀ ਮਨੁੱਖਤਾ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਅਣਗਿਣਤ ਵਧਾਈਆਂ




Shadow Chief Secretary of Britain Mr. Pat McFadden Congratulates to all the Humans on the Parkash Anniversary of Shiri Guru Nanak Dev ji whose philosophy believes in Equality, Unity , Submissiveness, Tolerance , Patience, Caring and Sharing.


ਸੰਸਾਰ ਦੀ ਸਾਰੀ ਮਨੁੱਖਤਾ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਅਣਗਿਣਤ ਵਧਾਈਆਂ

patara | CHARTERED ACCOUNTANTS

Accountants | Tax Advisers | Statutory Auditors | Business Advisers

Enterprise House
352 Bearwood Road
Birmingham B66 4ET

0121 434 4747
patara co uk

ICAEW CHARTERED ACCOUNTANTS · Chartered Accountants Worldwide Network Member · BAS ICAEW BUSINESS ADVICE SERVICE

# OTL Midlands Ltd.



Founder of O.T.L Midlands Ltd

O.T.L. Midlands Ltd.





ਕੰਪਨੀ ਦੇ ਡਾਇਰੈਕਟਰ ਸਨੀ ਚਾਹਲ, ਮੈਨੇਜਰ ਕੀਥ ਅਤੇ ਸਮੂਹ ਸਟਾਫ ਵੱਲੋਂ
ਸੰਸਾਰ ਦੀ ਸਾਰੀ ਮਨੁੱਖਤਾ ਨੂੰ
ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਅਣਗਿਣਤ ਵਧਾਈਆਂ

PARTNERSHIP HOUSE, Shale Street, Bilston,W. Mids. WV14 0HF
Tel : 01902 665 611 Fax 01902 665 112



## ਸ੍ਰ. ਤੀਰਥ ਸਿੰਘ ਉੱਪਲ ਵੱਲੋਂ ਸੰਸਾਰ ਦੀ ਸਾਰੀ ਮਨੁੱਖਤਾ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਅਣਗਿਣਤ ਵਧਾਈਆਂ





# TRAVEL MY WORLD




ANY TYPE OF TICKETS, HOLIDAYS, PAN CARD, OCI, INDIA VISA, E-VISA, PASSPORT SURRENDER, EUROPE VISA

Please check ticket details when you collect your ticket

Email: info@travelmyworld.co.uk

Mob. Whatsapp UK : 07574-459100/07427-801000/07459-826542

Office : 0121-270-9404

Toni Kooner: 07574-459100, 07427-801000



# EU ADVICE CENTRE

- ਜੇ ਤੁਹਾਨੂੰ ਤੁਹਾਡੇ ਬਣਦੇ ਬੈਨੀਫਿਟਸ ਬਾਰੇ ਕੋਈ ਜਾਣਕਾਰੀ ਚਾਹੀਦੀ ਹੈ
- ਤਾਂ ਸਾਨੂੰ ਹੇਠ ਲਿਖੇ ਪਤੇ ਤੇ ਮਿਲੋ ਜਾਂ ਸੰਪਰਕ ਕਰੋ।
- ਅਸੀਂ ਤੁਹਾਡੀ ਕਨੂੰਨ ਅਨੁਸਾਰ ਬਣਦੇ ਹੱਕ ਲੈਣ ਵਿੱਚ ਮੱਦਦ ਕਰ ਸਕਦੇ ਹਾਂ।

• Personal Independence Allowance (PIP) • Job Seeker's Allowance (JSA)
• Attendance Allowance (AA) • Employment Support Allowance (ESA)

We can advise you to get the right Benefits for which you are entitled.

For Further Enquiries Please

Contact: Mr. Singh or Mr. Khan 07966 137 043 between 1pm to 6pm

69 High Street, West Bromnich, B70 6NZ,


# ਜਗਮੀਤ ਨੇ ਲਿਬਰਲ ਫ਼ਾਰਮਾ ਕੇਅਰ ਕਾਨੂੰਨ ਬਾਰੇ ਟਰੂਡੋ ਦਾ ਪ੍ਰਸਤਾਵ ਕੀਤਾ



ਔਟਵਾ: ਕੈਨੇਡਾ ’ਚ ਫ਼ਾਰਮਾ ਕੇਅਰ ਕਾਨੂੰਨ ਨੂੰ ਲੈ ਕੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਤੇ NDP ਆਗੂ ਜਗਮੀਤ ਸਿੰਘ ਵਿਚਾਲੇ ਸਿਆਸਤ ਗਰਮ ਹੋ ਗਈ ਹੈ। ਜਗਮੀਤ ਨੇ ਲਿਬਰਲ ਫ਼ਾਰਮਾ ਕੇਅਰ ਕਾਨੂੰਨ ਦੇ ਪਹਿਲੇ ਖਰੜੇ ਨੂੰ ਰੱਦ ਕਰ ਦਿੱਤਾ ਹੈ। NDP ਆਗੂ ਜਗਮੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਨੇ ਲਿਬਰਲਾਂ ਨੂੰ ਉਨ੍ਹਾਂ ਦੇ ਆਉਣ ਵਾਲੇ ਫ਼ਾਰਮਾ ਕੇਅਰ ਕਾਨੂੰਨ ਦਾ ਖਰੜਾ ਤਿਆਰ ਕਰਨ ਲਈ ਡਰਾਇੰਗ ਬੋਰਡ ’ਚ ਵਾਪਿਸ ਭੇਜਿਆ ਹੈ ਕਿਉਂਕਿ ਦੋਵਾਂ ਪਾਰਟੀਆਂ ਵਿਚਕਾਰ ਸਪਲਾਈ ਅਤੇ ਵਿਸਵਾਸ ਸਮਝੌਤੇ ਦੀ ਸਾਲ ਦੇ ਅੰਤ ਦੀ ਸਮਾਂ ਸੀਮਾ ਤੇਜ਼ੀ ਨਾਲ ਨੇੜੇ ਆ ਰਹੀ ਹੈ। ਜ਼ਿਕਰਯੋਗ ਹੈ ਕਿ ਅਤੇ ਲਿਬਰਲਾਂ ਵਿਚਕਾਰ ਹੋਏ ਸੌਦੇ ਮੁਤਾਬਿਕ ਕੈਨੇਡਾ ਫ਼ਾਰਮਾ ਕੇਅਰ ਐਕਟ 2023 ਦੇ ਅੰਤ ਤਕ ਪਾਸ ਹੋ ਜਾਣਾ ਚਾਹੀਦਾ ਹੈ।

ਸਿੰਘ ਨੇ ਟੌਰੰਟੋ ’ਚ ਇੱਕ ਪ੍ਰੈੱਸ ਕਾਨਫ਼ਰੰਸ ਦੌਰਾਨ ਦੋਵਾਂ ਧਿਰਾਂ ਦਰਮਿਆਨ ਚੱਲ ਰਹੀ ਗੱਲਬਾਤ ਦਾ ਵਰਣਨ ਕਰਦਿਆਂ ਕਿਹਾ “ਅਸੀਂ ਪਹਿਲਾ ਡਰਾਫ਼ਟ ਦੇਖਿਆ ਹੈ ਅਤੇ ਅਸੀਂ ਇਹ ਸਪੱਸਟ ਕਰ ਦਿੱਤਾ ਹੈ ਕਿ ਡਰਾਫ਼ਟ ਸਾਡੇ ਸਮਰਥਨ ਲਈ ਨਾਕਾਫ਼ੀ ਸੀ। ਇਸ ਲਈ ਸਰਕਾਰ ਨੇ ਇਸ ਨੂੰ ਵਾਪਿਸ ਲੈ ਲਿਆ ਹੈ ਅਤੇ ਹੁਣ ਕੁੱਝ ਸੋਧਾਂ ’ਤੇ ਕੰਮ ਕਰ ਰਹੀ ਹੈ ਅਤੇ ਲਿਬਰਲਾਂ ਵਿਚਕਾਰ ਹੋਏ ਸੌਦੇ ਅਨੁਸਾਰ ਇੱਕ ਕੈਨੇਡਾ ਫ਼ਾਰਮਾ ਕੇਅਰ ਐਕਟ 2023 ਦੇ ਅੰਤ ਤਕ ਪਾਸ ਕੀਤਾ ਜਾਣਾ ਚਾਹੀਦਾ ਹੈ। ਕਿਉਂਕਿ ਸੰਸਦ ਇਸ ਹਫ਼ਤੇ ਨਹੀਂ ਬੈਠ ਰਹੀ ਹੈ, ਇਸ ਲਈ ਫ਼ੈਡਰਲ ਸਰਕਾਰ ਨੂੰ ਟੇਬਲ ਅਤੇ ਪਾਸ ਕਰਨ ਲਈ ਸਿਰਫ਼ ਚਾਰ ਹਫ਼ਤੇ ਜਾਂ 20 ਬੈਠਕ ਦੇ ਦਿਨ ਬਚੇ ਹਨ। ਇਹ ਇੱਕ ਅਜਿਹਾ ਬਿੱਲ ਜੋ ਨਿਊ ਡੈਮੋਕਰੈਟਸ ਨੂੰ ਸੰਤੁਸ਼ਟ ਕਰੇਗਾ।” ਸਿੰਘ ਨੇ ਦਾਅਵਾ ਕੀਤਾ ਕਿ ਸਾਲ ਦੇ ਅੰਤ ਦੀ ਸਮਾਂ-ਸੀਮਾ ਨੂੰ ਪ੍ਰਾਪਤ ਕਰਨਾ ਸੰਭਵ ਹੈ ਭਾਵੇਂ ਦੋਵੇਂ ਧਿਰਾਂ ਇਸ ਸਮੇਂ ਇੱਕੋ ਤੱਥ ’ਤੇ ਨਹੀਂ ਹਨ ਕਿ ਫ਼ਾਰਮਾ ਕੇਅਰ ਪ੍ਰੋਗਰਾਮ ਕਿਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ। ਸਿੰਘ ਨੇ ਕਿਹਾ “ਇਸ ਸਮੇਂ ਮੁੱਖ ਗੱਲ ਇਹ ਹੈ ਕਿ ਲਿਬਰਲਜ਼ ਵੱਡੇ ਫ਼ਾਰਮਾਸਿਊਟੀਕਲ ਉਦਯੋਗ ਨੂੰ ਖ਼ੁਸ਼ ਕਰਨ ਵਾਲਾ ਕਾਨੂੰਨ ਲਿਆਉਣਾ ਚਾਹੁੰਦੇ ਹਨ। ਅਸੀਂ ਉਨ੍ਹਾਂ ਨੂੰ ਖ਼ੁਸ਼ ਨਹੀਂ ਕਰਨਾ ਚਾਹੁੰਦੇ।

# ਮਾਸਟਰ ਸ਼ੈੱਫ ਦੇ ਫ਼ਾਈਨਲਿਸਟ ਨੂੰ ਬੱਚਿਆਂ ਦੇ ਜਿਣਸੀ ਸ਼ੋਸ਼ਣ ਮਾਮਲੇ ’ਚ 24 ਸਾਲ ਦੀ ਜੇਲ੍ਹ



ਵਿਨੀਪੈੱਗ: ਮਸ਼ਹੂਰ ਕੁਕਿੰਗ ਸੋਅ ਮਾਸਟਰ ਸੈੱਫ਼ ਆਸਟ੍ਰੇਲੀਆ ਦੇ ਪ੍ਰਤੀਯੋਗੀ ਪੌਲ ਡਗਲਸ ਨੂੰ ਬੱਚਿਆਂ ਦੇ ਜਿਣਸੀ ਸ਼ੋਸ਼ਣ ਦਾ ਦੋਸ਼ੀ ਪਾਇਆ ਗਿਆ ਹੈ। ਅਦਾਲਤ ਨੇ ਪੌਲ ਡਗਲਸ ਨੂੰ 24 ਸਾਲ ਦੀ ਸਜ਼ਾ ਸੁਣਾਈ ਹੈ। ਪੌਲ ’ਤੇ 10 ਸਾਲਾਂ ਤੋਂ ਵੱਧ ਸਮੇਂ ਦੌਰਾਨ 43 ਵਾਰ 11 ਬੱਚਿਆਂ ਦਾ ਜਿਣਸੀ ਸ਼ੋਸ਼ਣ ਕਰਨ ਦਾ ਦੋਸ਼ ਹੈ। ਸਿਡਨੀ ਡਾਊਨਿੰਗ ਸੈਂਟਰ ਦੀ ਜ਼ਿਲ੍ਹਾ ਜੱਜ ਸਾਰਾਹ ਹਿਊਗੇਟ ਨੇ ਪੌਲ ਨੂੰ ਸਜ਼ਾ ਸੁਣਾਈ।

ਪੌਲ ਨੂੰ ਸਾਲ 2019 ’ਚ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਉਸ ਦੀ ਗ੍ਰਿਫ਼ਤਾਰੀ ਤੋਂ ਬਾਅਦ 4 ਸਾਲ ਤਕ ਮੁਕੱਦਮਾ ਚੱਲਦਾ ਰਿਹਾ। ਪੌਲ ’ਤੇ ਇਹ ਦੋਸ਼ ਹੈ ਕਿ ਸਿਡਨੀ ਸਾਊਥ-ਵੈਸਟ ’ਚ ਤੈਰਾਕੀ ਕੋਚ ਰਹਿੰਦੇ ਹੋਏ ਉਸ ਨੇ ਇਹ ਅਪਰਾਧ ਕੀਤੇ। ਜਾਂਚ ’ਚ ਸਾਹਮਣੇ ਆਇਆ ਕਿ ਪੌਲ ਨੇ 1996 ਤੋਂ 2009 ਤਕ ਬੱਚਿਆਂ ਦਾ ਜਿਣਸੀ ਸ਼ੋਸ਼ਣ ਕੀਤਾ। ਜੱਜ ਨੇ ਸਜਾ ਸੁਣਾਉਂਦੇ ਹੋਏ ਕਿਹਾ ਕਿ ਦੋਸ਼ੀ ਨੇ ਤੈਰਾਕੀ ਕੋਚ ਹੁੰਦਿਆਂ ਬੱਚਿਆਂ ’ਚ ਅਜਿਹਾ ਮਾਹੌਲ ਪੈਦਾ ਕੀਤਾ ਜਿਸ ’ਚ ਉਹ ਖੁੱਲ੍ਹ ਕੇ ਜਿਣਸੀ ਸ਼ੋਸ਼ਣ ਬਾਰੇ ਗੱਲ ਕਰਦਾ ਸੀ ਅਤੇ ਬੱਚਿਆਂ ਨਾਲ ਮਜ਼ਾਕ ਕਰਦਾ ਸੀ। ਇਸ ਤੋਂ ਇਲਾਵਾ ਉਸ ਨੇ ਬੱਚਿਆਂ ਦੇ ਮਾਪਿਆਂ ਨੂੰ ਵੀ ਆਪਣੀ ਗੱਲ ਨਾਲ ਇਸ ਤਰ੍ਹਾਂ ਫ਼ਸਾਇਆ ਕਿ ਉਸ ਦਾ ਜੁਰਮ 10 ਸਾਲ ਤੋਂ ਵੱਧ ਸਮੇਂ ਤਕ ਲੁਕਿਆ ਰਿਹਾ।

# “ਧੰਨਵਾਦ”



ਮਨ ਜਿੱਤ ਅਦਾਰਾ ਮਨ ਜਿੱਤ ਦੇ ਹਿਤੈਸ਼ੀ ਸੱਜਣਾਂ ਵਾਂਗ ਮਨ ਜਿੱਤ ਦੇ ਮੁੱਖ ਸਲਾਹਕਾਰ ਸ. ਬਲਬੀਰ ਸਿੰਘ ਸੇਖੋਂ ਪਮਾਲ ਵਾਲਿਆਂ ਦਾ ਵੀ ਤਹਿਦਿਲੋਂ ਧੰਨਵਾਦੀ ਹੈ ਜਿਨ੍ਹਾਂ ਮਨ ਜਿੱਤ ਦੀ ਚੜ੍ਹਦੀ ਕਲਾ ਲਈ ਜਦੋਂ ਤੋਂ ਇਸ ਨਾਲ ਜੁੜੇ ਹਨ, ਹਰ ਪੱਖੋਂ ਇੱਕ ਚਟਾਨ ਵਾਂਗ ਖੜ੍ਹਦਿਆਂ ਇਸਨੂੰ ਮਾਲੀ ਸਹਾਇਤਾ ਦੇਣਾ ਨਹੀਂ ਭੁੱਲ੍ਹਦੇ।ਵਰਨਣਯੋਗ ਹੈ ਕਿ ਸੇਖੋਂ ਸਾਹਿਬ ਨੇ ਮਨ ਜਿੱਤ ਰਾਹੀਂ ਪੰਜਾਬੀ ਮਾਂ ਬੋਲੀ ਦੀ ਸੇਵਾ ਅਤੇ ਸੱਭਿਆਚਾਰ ਨੂੰ ਗੌਰਵਮਈ ਬਣਾਉਣ ਲਈ ਆਪਣੀਆਂ ਲਿਖਤਾਂ ਦੁਆਰਾ ਚੰਗੇ ਤ੍ਰੀਕੇ ਦੱਸਦਿਆਂ , ਪੰਜਾਬੀ ਮਾਂ ਬੋਲੀ ਦੇ ਸਾਹਿਤ ਵਿੱਚ ਵਾਧਾ ਕਰਨ ਲਈ ਦਰਜਣ ਤੋਂ ਵੱਧ ਕਿਤਾਬਾਂ ਲਿਖਕੇ ਪੰਜਾਬੀ ਪਾਠਕਾਂ ਨੂੰ ਕ੍ਰਿਤਾਰਥ ਕੀਤਾ।ਉਨ੍ਹਾਂ ਵੱਲੋਂ ਅਤੇ ਉਨ੍ਹਾਂ ਦੇ ਸਰਬੱਤ ਪ੍ਰੀਵਾਰ ਵੱਲੋਂ ਧੰਨ ਧੰਨ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪਰਗਟ ਦਿਵਸ ਦੀਆਂ ਸਮੂਹ ਮਨੁੱਖਤਾ ਨੂੰ ਵਧਾਈਆਂ ਹੋਣ।

ਸ਼ਾਲਾ! ਮਨ ਜਿੱਤ ਦੇ ਅਜਿਹੇ ਸਾਰੇ ਸਹਿਯੋਗੀ ਲੰਬੀਆਂ ਉਮਰਾਂ ਨਾਲ ਤੰਦਰੁਸਤ ਰਹਿੰਦੇ ਹੋਏ ਪੰਜਾਬੀ ਮਾਂ ਬੋਲੀ ਦੀ ਇਸੇ ਤਰ੍ਹਾਂ ਸੇਵਾ ਕਰਦੇ ਰਹਿਣ।

ਮੁੱਖ ਸੰਪਾਦਕ

# ਇਟਲੀ 'ਚ ਮਹਿੰਗਾਈ ਕਾਰਨ ਸਥਾਨਕ ਲੋਕਾਂ 'ਚ ਮੱਚੀ ਹਾਹਾਕਾਰ

ਰੋਮ: ਇਸ 'ਚ ਕੋਈ ਦੋ ਰਾਏ ਨਹੀਂ ਕਿ ਇਟਲੀ ਦੀ ਪ੍ਰਧਾਨ ਮੰਤਰੀ ਜੌਰਜੀਆ ਮੇਲੋਨੀ ਦੀ ਅਗਵਾਈ ਵਾਲੀ ਸਰਕਾਰ ਦੇਸ਼ ਦੇ ਨਾਗਰਿਕਾਂ ਨੂੰ ਖੁਸ਼ਹਾਲ ਬਣਾਉਣ ਲਈ ਆਏ ਦਿਨ ਮਹਿੰਗਾਈ ਦੇ ਮੱਦੇਨਜ਼ਰ ਭੱਤੇ ਦੇ ਰਹੀ ਹੈ, ਪਰ ਇਸ ਦੇ ਬਾਵਜੂਦ ਇਟਲੀ ਦੇ ਨਾਗਰਿਕ ਸਰਕਾਰ ਤੋਂ ਖ਼ੁਸ਼ ਨਜ਼ਰ ਨਹੀਂ ਆ ਰਹੇ। ਇਟਲੀ 'ਚ ਦਿਨੋ- ਦਿਨ ਵੱਧ ਰਹੀ ਮਹਿੰਗਾਈ ਆਮ ਲੋਕਾਂ ਦਾ ਲੱਕ ਤੋੜ ਰਹੀ ਹੈ ਜਿਸ ਕਾਰਨ ਲੋਕਾਂ 'ਚ ਮਹਿੰਗਾਈ ਨੂੰ ਲੈਕੇ ਹਾਹਾਕਾਰ ਮਚੀ ਹੋਈ ਹੈ। ਜੇਕਰ ਗੱਲ ਇਸ ਸਾਲ ਦੀ ਹੀ ਕੀਤੀ ਜਾਵੇ ਤਾਂ ਇਸ ਸਾਲ ਤੋਂ ਇਟਲੀ 'ਚ ਆਮ ਵਿਅਕਤੀ ਦੀ ਰੋਜ਼ਾਨਾ ਵਰਤੀਆਂ ਜਾਣ ਵਾਲੀਆਂ




ਵਸਤੂਆਂ ਦੇ ਮੁੱਲ ਆਮ ਵਧੇਰੇ ਵਧਣ ਨਾਲ ਗ਼ਰੀਬ ਤਬਕਾ ਭੁੱਖਾ ਮਰਨ ਕਿਨਾਰੇ ਹੈ।

ਦੇਸ਼ 'ਚ ਵੱਧ ਰਹੀ ਮਹਿਗਾਈ ਵਿਰੁੱਧ ਇਟਲੀ ਦੀਆਂ ਸੋ ਪ੍ਰਸਿੱਧ ਜਨਤਕ ਸੰਸਥਾਵਾਂ ਜਿਹੜੀਆਂ ਸਦਾ ਹੀ ਮਜ਼ਦੂਰ ਵਰਗ ਨਾਲ ਮੋਢਾ ਲਾ ਉਨ੍ਹਾਂ ਦੇ ਹੱਕਾਂ ਲਈ ਲੜਦੀਆਂ ਹਨ CGIL ਅਤੇ OIL ਵਲੋਂ ਲਾਸੀਓ ਸੂਬੇ ਦੇ ਮਹਿੰਗਾਈ ਨਾਲ ਪ੍ਰਭਾਵਿਤ ਲੋਕਾਂ ਦੇ ਸਹਿਯੋਗ ਨਾਲ ਰਾਜਧਾਨੀ ਰੋਮ ਦੇ ਪ੍ਰਸਿੱਧ ਸਥਾਨ ਪਿਆਸਾ ਦੱਲ ਪੌਂਪਲੋ ਵਿਖੇ ਭਾਰੀ ਗਿਣਤੀ 'ਚ ਇੱਕਠ ਕਰ ਕੇ ਮੇਲੋਨੀ ਸਰਕਾਰ ਵਿਰੁੱਧ ਰੋਸ ਪ੍ਰਦਰਸ਼ਨ ਕੀਤਾ ਗਿਆ। CGIL ਦੇ ਜਨਰਲ ਸੈਕਟਰੀ ਪੀਏਪਾਬਲੋ ਬੋਬਰਦੇਈਰੀ ਅਤੇ OIL ਦੇ ਜਨਰਲ ਸੈਕਟਰੀ ਮਾਓਰੀਸੀਓ ਲਣਦੀਨੀ ਦੀ ਰਹਿਨੁਮਾਈ ਹੇਠ ਠਾਠਾਂ ਮਾਰਦਾ ਇੱਕਠ, ਹਜ਼ਾਰਾਂ ਦੀ ਗਿਣਤੀ 'ਚ ਲੋਕਾਂ ਵਲੋਂ ਸਰਕਾਰ ਖ਼ਿਲਾਫ਼ ਰੋਹ 'ਚ ਨਾਅਰੇਬਾਜ਼ੀ ਕੀਤੀ ਗਈ। ਹੱਥਾਂ 'ਚ ਬੈਨਰ ਤੇ ਤਖ਼ਤੀਆਂ ਫ਼ੜ ਕੇ ਕਾਮਿਆਂ, ਪੈਨਸ਼ਨ ਲੈਣ ਵਾਲਿਆਂ ਤੇ ਆਮ ਨਾਗਰਿਕਾਂ ਦੀ ਮਿਹਨਤ ਰਾਸ਼ੀ 'ਚ ਵਾਧਾ ਕਰਨ ਦੀ ਮੰਗ ਰੱਖੀ ਗਈ।

ਇਸ ਮੌਕੇ ਪਬਲਿਕ ਟਰਾਂਸਪੋਰਟ ਜਿਵੇ ਬੱਸਾਂ, ਰੇਲਾਂ ਦੀ ਵੀ ਚਾਰ ਘੰਟੇ ਹੜਤਾਲ ਕੀਤੀ ਗਈ ਅਤੇ ਸੰਸਥਾ ਵਲੋਂ ਅੱਠ ਘੰਟੇ ਦੀ ਹੜਤਾਲ ਦਾ ਸੱਦਾ ਦਿੱਤਾ ਗਿਆ ਸੀ। ਦੂਜੇ ਪਾਸੇ ਵਿਦਿਅਕ ਅਦਾਰੇ, ਬੈਂਕਾਂ ਤੇ ਡਾਕਘਰ ਆਦਿ ਆਮ ਨਾਗਰਿਕਾਂ ਲਈ ਖੁੱਲ੍ਹੇ ਰਹੇ।

ਇਸ ਰੋਸ ਪ੍ਰਦਰਸ਼ਨ 'ਚ ਹਜ਼ਾਰਾਂ ਦੀ ਗਿਣਤੀ 'ਚ ਇਟਾਲੀਅਨ ਲੋਕਾਂ ਵਲੋ ਸ਼ਮੂਲੀਅਤ ਕੀਤੀ ਗਈ ਪਰ ਭਾਰਤੀ ਕਾਮਿਆਂ ਤੋਂ ਇਲਾਵਾ ਭਾਰਤੀ ਭਾਈਚਾਰੇ ਦੇ ਸਿਰ ਕੱਢਵੇਂ ਆਗੂ ਤੇ ਲੋਕ ਇਸ ਪ੍ਰਦਰਸ਼ਨ 'ਚ ਕਿਧਰੇ ਵੀ ਨਜ਼ਰੀ ਨਾ ਆਏ ਜਿਹੜਾ ਕਿ ਸਭ ਲਈ ਸਵਾਲੀਆਂ ਚਿੰਨ੍ਹ ਰਿਹਾ। ਇਸ ਰੋਸ ਮੁਜ਼ਾਹਰੇ 'ਚ ਹਰ ਵਰਗ ਤੇ ਕਈ ਦੇਸ਼ਾਂ ਦੇ ਲੋਕਾਂ ਨੇ ਹਾਅ ਦਾ ਨਆਰਾ ਮਾਰਿਆ ਗਿਆ ਕਿਉਂਕਿ ਸੰਸਥਾਵਾਂ ਵਲੋਂ ਇਟਲੀ ਦੇ ਨਾਗਰਿਕਾਂ ਲਈ ਤੇ ਮਹਿੰਗਾਈ ਖ਼ਿਲਾਫ਼ ਮੌਜੂਦਾ ਸਰਕਾਰ ਵਿਰੁੱਧ ਲੜੀ ਜਾ ਰਹੀ ਸੀ ਨਾ ਕਿ ਕਿਸੇ ਇੱਕ ਵਰਗ ਦੇਸ਼ ਲਈ। ਇਸ ਲਈ ਇਸ ਮੁਜ਼ਾਹਰੇ ਲੋਕ ਹਿੱਤਾਂ ਲਈ ਹੋਣ ਕਾਰਨ ਹਰ ਉਸ ਸਖ਼ਸ ਦਾ ਸ਼ਮੂਲੀਅਤ ਕਰਨਾ ਜ਼ਰੂਰੀ ਹੁੰਦਾ ਜਿਹੜਾ ਇਹ ਸਮਝਦਾ ਹੈ ਕਿ ਆਮ ਆਦਮੀ ਨਾਲ ਹਾਕਮ ਧਿਰਾਂ ਧੱਕਾ ਕਰ ਰਹੀਆਂ।

# ਅਮਰੀਕਾ ਬਣ ਰਿਹੈ ਭਾਰਤੀਆਂ ਲਈ ਆਸਥਾ ਦਾ ਗੜ੍ਹ

ਨਿਊਯਾਰਕ: ਅਮਰੀਕਾ 'ਚ ਭਾਰਤਵੰਸ਼ ਅਤੇ ਭਾਰਤੀਆਂ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ। ਅੱਜ ਤੋਂ ਸੱਤ ਸਾਲ ਪਹਿਲਾਂ ਭਾਵ 2016 'ਚ ਇੱਥੇ 250 ਮੰਦਰ ਸਨ, ਉੱਥੇ ਹੀ ਸਾਲ 2023 'ਚ ਅਮਰੀਕਾ 'ਚ ਮੰਦਰਾਂ ਦੀ ਗਿਣਤੀ 750 ਤਕ ਪਹੁੰਚ ਗਈ ਹੈ। ਇਨ੍ਹਾਂ ਅੰਕੜਿਆਂ ਮੁਤਾਬਿਕ ਅਮਰੀਕਾ ਦੇ ਹਰ ਸੂਬੇ 'ਚ ਔਸਤਨ 12 ਮੰਦਰ ਹਨ। ਸਭ ਤੋਂ ਜ਼ਿਆਦਾ ਮੰਦਰ ਕੈਲੇਫ਼ੋਰਨੀਆ 'ਚ ਹਨ ਜਿੱਥੇ ਮੰਦਰਾਂ ਦੀ ਕੁੱਲ 120 ਹੈ। ਉਸ ਤੋਂ ਬਾਅਦ ਨਿਊ ਯੌਰਕ 'ਚ 100, ਫ਼ਲੌਰੀਡਾ 'ਚ 60 ਅਤੇ ਜੌਰਜੀਆ 'ਚ ਮੰਦਰਾਂ ਦੀ ਗਿਣਤੀ 30 ਹੈ।



ਜਾਣਕਾਰਾਂ ਮੁਤਾਬਿਕ ਪਿਛਲੇ ਤਕਰੀਬਨ ਛੇ ਸਾਲਾਂ ਤੋਂ ਹੀ ਅਮਰੀਕਾ 'ਚ ਮੰਦਰ ਬਣਨ ਦੀ ਗਿਣਤੀ 'ਚਤੇਜ਼ੀ ਆਈ ਹੈ। ਸਾਲ 2006 'ਚ ਇੱਥੇ ਸਿਰਫ਼ 53 ਮੰਦਰ ਸਨ। ਉਸ ਤੋਂ ਬਾਅਦ ਦੇ ਸਾਲਾਂ 'ਚ ਅਮਰੀਕਾ 'ਚ ਰਹਿਣ ਵਾਲੇ ਭਾਰਤਵੰਸ਼ੀਆਂ ਦੀ ਗਿਣਤੀ ਵਧੀ ਹੈ।

ਭਾਰਤੀਆਂ ਵਲੋਂ ਇਨ੍ਹਾਂ ਮੰਦਰਾਂ ਦਾ ਨਿਰਮਾਣ ਆਪਣੀ ਸੰਸਕ੍ਰਿਤੀ ਨਾਲ ਜੁੜੇ ਰਹਿਣ ਲਈ ਕਰਵਾਇਆ ਜਾ ਰਿਹਾ ਹੈ।ਭਾਰਤ ਤੋਂ ਬਾਹਰ ਸਭ ਤੋਂ ਵੱਡਾ ਮੰਦਰ ਵੀ ਅਮਰੀਕਾ ਦੇ ਨਿਊ ਯੌਰਕ ਸ਼ਹਿਰ 'ਚ ਹੀ ਹੈ ਜੋ 800 ਕਰੋੜ ਦੀ ਲਾਗਤ ਨਾਲ ਬਣਾਇਆ ਗਿਆ ਹੈ ਅਤੇ 183 ਏਕੜ 'ਚ ਫ਼ੈਲਿਆ ਹੋਇਆ ਹੈ। ਉੱਥੇ ਰਹਿ ਰਹੇ ਭਾਰਤੀ ਲੋਕ ਵੀ ਆਪਣੀ ਆਸਥਾ ਅਤੇ ਸੰਸਕ੍ਰਿਤੀ ਨਾਲ ਜੁੜੇ ਰਹਿਣ ਦੀ ਸੋਚ ਨਾਲ ਮੰਦਰਾਂ ਦੇ ਨਿਰਮਾਣ 'ਚ ਵੱਧ-ਚੜ੍ਹ ਕੇ ਯੋਗਦਾਨ ਪਾ ਰਹੇ ਹਨ।








# 22 ਕਰੋੜ ’ਚ ਵਿੱਕੀ ਸ਼ਰਾਬ ਦੀ ਇੱਕ ਬੋਤਲ

ਲੰਡਨ : ਹਾਲ ਹੀ ’ਚ ਲੰਡਨ ਵਿੱਚ ਸ਼ਰਾਬ ਦੀ ਇੱਕ ਬੋਤਲ ਇੰਨੀ ਮਹਿੰਗੀ ਵਿੱਕੀ ਕਿ ਇੰਨੇ ’ਚ 2 ਰੋਲਸ ਰਾਇਸ ਫ਼ੈਂਟਮ ਕਾਰਾਂ ਖਰੀਦੀਆਂ ਜਾ ਸਕਦੀਆਂ ਹਨ ਅਤੇ ਫ਼ਿਰ ਵੀ ਆਦਮੀ ਕੋਲ ਕਰੋੜਾਂ ਰੁਪਏ ਬਚ ਜਾਣਗੇ। ਹੁਣ ਹਰ ਕੋਈ ਜਾਣਨਾ ਚਾਹੇਗਾ ਕਿ ਇਸ ਸ਼ਰਾਬ ’ਚ ਅਜਿਹਾ ਕੀ ਖ਼ਾਸ ਹੈ ਕਿ ਇਸ ਦੇ ਵੇਚਣ ਵਾਲੇ ਨੇ ਇਸ ਦੇ ਕਰੋੜਾਂ ’ਚ ਵਿੱਕਣ ਦੀ ਉਮੀਦ ਲਗਾਈ ਅਤੇ ਖਰੀਦਣ ਵਾਲੇ ਨੇ ਆਪਣੀ ਸਾਰੀ ਜ਼ਿੰਦਗੀ ਦੀ ਕਮਾਈ ਇਸ ’ਤੇ ਲੁਟਾ ਦਿੱਤੀ। ਇਸ ਸਵਾਲ ਦਾ ਜਵਾਬ ਹੈ ਇਸ ਸ਼ਰਾਬ ਦੀ ਦੁਰਲੱਭਤਾ। ਜ਼ਿਕਰਯੋਗ ਹੈ ਕਿ ਇਹ ਕੋਈ ਮਾੜੀ-ਮੋਟੀ ਨਹੀਂ, ਬਲਕਿ ਇਹ ਲੱਗਭਗ 100 ਸਾਲ ਪੁਰਾਣੀ ਪਹਿਲੇ ਤੋੜ ਦੀ ਸ਼ਰਾਬ ਹੈ ਅਤੇ ਸੈਂਕੜੇ ਬੋਲੀਕਾਰਾਂ ’ਚੋਂ ਇੱਕ ਨੇ 22 ਕਰੋੜ ਰੁਪਏ ਦੀ ਬੋਲੀ ਦੇ ਕੇ ਇਸ ਨੂੰ ਆਪਣੇ ਨਾਂ ਕਰ ਲਿਆ। ਹੁਣ ਸੋਸ਼ਲ ਮੀਡੀਆ ’ਤੇ ਇਸ ਨੂੰ ਲੈ ਕੇ ਲੋਕ ਤਰ੍ਹਾਂ-ਤਰ੍ਹਾਂ ਦੇ ਕੁਮੈਂਟਸ ਕਰ ਰਹੇ ਹਨ ਦੁਨੀਆਂ ਦੀ ਸਭ ਤੋਂ ਪੁਰਾਣੀ ਸ਼ਰਾਬ ਹੈ ਮੈਕਲਨ ਅਦਾਮੀ 1926 ਪੁਰਾਣੀ ਕਹਾਵਤ ਹੈ, ‘ਦੋਸਤ ਕਦੀਮ ਸ਼ਰਾਬ ਕੁਹਨਾ’। ਇਸ ਦਾ ਮਤਲਬ ਹੈ ਕਿ ਦੋਸਤੀ ਅਤੇ ਸ਼ਰਾਬ ਜਿੰਨੀ ਪੁਰਾਣੀ ਹੋਵੇਗੀ, ਉਹ ਓਨੀ ਹੀ ਸਿਰ ਚੜ੍ਹ ਕੇ ਬੋਲਦੀ ਹੈ। ਜਿੱਥੋਂ ਤਕ ਪੁਰਾਣੀ ਸ਼ਰਾਬ ਦੀ ਕੀਮਤ ਦਾ ਸਵਾਲ ਹੈ, ਇਸ ਦਾ ਰੰਗ ਅਤੇ ਨਸ਼ਾ ਵੀ ਓਨਾ ਹੀ ਅਲੱਗ ਹੁੰਦਾ ਹੈ। ਇਹੀ ਕਾਰਨ ਹੈ ਕਿ ਸ਼ਰਾਬ ਦੇ ਸ਼ੌਕੀਨਾਂ ਵਿੱਚ ਪੁਰਾਣੀ ਸ਼ਰਾਬ ਦੀ ਭਾਰੀ ਮੰਗ ਰਹਿੰਦੀ ਹੈ। ਹੁਣ ਗੱਲ ਆਉਂਦੀ ਹੈ ਇਸ ਅਨੋਖੀ ਬੋਤਲ ਦੀ, ਜੋ ਕਿ 2.7 ਮਿਲੀਅਨ ਡਾਲਰ ਯਾਨੀ ਕਿ 22 ਕਰੋੜ ਰੁਪਏ ਭਾਰਤੀ ਕਰੰਸੀ ਵਿੱਚ ਵਿਕੀ, ਜਦੋਂ ਕਿ ਅਦਾਮੀ ਨਾਂ ਦੀ ਵ੍ਹਿਸਕੀ ਦੀ 97 ਸਾਲ ਪੁਰਾਣੀ ਬੋਤਲ ਨੂੰ ਅਮਰੀਕੀ ਨਿਲਾਮੀ ਘਰ ‘ਸੋਥਬੀਜ਼’ ਨੇ ਨਿਲਾਮ ਕੀਤਾ ਹੈ।1926 ’ਚ ਬਣੀ ਮੈਕਲਨ ਦੀ ਵ੍ਹਿਸਕੀ ਦੀ ਬੋਤਲ ‘ਦਿ ਮੈਕਲਨ ਅਦਾਮੀ’ ਨੂੰ ਉਸ ਸਮੇਂ ਤੱਕ ਦੁਨੀਆਂ ਦੀ ਸਭ ਤੋਂ ਪੁਰਾਣੀ ਵ੍ਹਿਸਕੀ ਹੋਣ ਦਾ ਦਾਅਵਾ ਕੀਤਾ ਜਾ ਰਿਹਾ ਹੈ। ‘ਮੈਕਲਨ ਅਦਾਮੀ 1926 ਇੱਕ ਵ੍ਹਿਸਕੀ ਹੈ, ਜਿਸ ਨੂੰ ਹਰ ਨਿਲਾਮੀ ਕਰਨ ਵਾਲਾ ਵੇਚਣਾ ਚਾਹੁੰਦਾ ਹੈ ਅਤੇ ਹਰ ਕੁਲੈਕਟਰ ਖਰੀਦਣਾ ਚਾਹੁੰਦਾ ਹੈ।’ ਮਾਹਿਰਾਂ ਅਨੁਸਾਰ ਵਿਸ਼ਵ ਪੱਧਰ ’ਤੇ ਸਭ ਤੋਂ ਵੱਧ ਮੰਗੀ ਜਾਣ ਵਾਲੀ ਦੁਰਲੱਭ ਵ੍ਹਿਸਕੀ ਦੀ ਇਹ ਬੋਤਲ ਉਸ ਸਮੇਂ ਬਣਾਈਆਂ ਗਈਆਂ 40 ਬੋਤਲਾਂ ਦੇ ਵਿਸ਼ੇਸ਼ ਸੰਗ੍ਰਹਿ ਦਾ ਹਿੱਸਾ ਹੈ।60 ਸਾਲਾਂ ਤਕ ਬੈਰਲ ਵਿੱਚ ਪੱਕਣ ਤੋਂ ਬਾਅਦ ਇਸ ਨੂੰ 1986 ਵਿੱਚ ਬੋਤਲਬੰਦ ਕੀਤਾ ਗਿਆ ਸੀ। ਇਟਾਲੀਅਨ ਕਲਾਕਾਰ ਵੈਲੇਰੀਓ ਅਦਾਮੀ ਦੁਆਰਾ ਪੇਂਟ ਕੀਤਾ ਲੇਬਲ ਇਸ ਨੂੰ ਸੱਚਮੁੱਚ ਵਿਲੱਖਣ ਬਣਾਉਂਦਾਹੈ।

ਇਨ੍ਹਾਂ ’ਚੋਂ 14 ਵਿੱਚ ਮਸ਼ਹੂਰ ਫ਼ਾਈਨ ਅਤੇ ਰੇਅਰ ਲੇਬਲ ਸਨ, ਜਦੋਂ ਕਿ 2 ਬੋਤਲਾਂ ਬਿਨਾਂ ਲੇਬਲ ਵਾਲੀਆਂ ਸਨ ਅਤੇ ਇੱਕ ਆਇਰਿਸ਼ ਕਲਾਕਾਰ ਮਾਈਕਲ ਡਿਲਨ ਦੁਆਰਾ ਹੱਥ ਨਾਲ ਪੇਂਟ ਕੀਤੀ ਗਈ ਸੀ। ਸਪਿਰਟਸ ਦੇ ਗਲੋਬਲ ਹੈੱਡ ਜੌਨੀ ਫ਼ਾਊਲ ਦੇ ਦੱਸਣ ਮੁਤਾਬਕ, “ਦਿ ਮੈਕਲਾਨ ਅਦਾਮੀ ਦੇ ਨਾਂ ’ਤੇ ਪ੍ਰਾਪਤ ਕੀਤਾ ਇਹ ਨਵਾਂ ਰਿਕਾਰਡ ਨਤੀਜਾ ਮੇਰੇ ਲਈ ਹੋਰ ਵੀ ਭਾਵੁਕ ਲੱਗਦਾ ਹੈ, ਮੈਂ ਇਸ ਬੋਤਲ ਦੀ ਮੁਰੰਮਤ ਅਤੇ ਪ੍ਰਮਾਣਿਤ ਕਰਨ ਲਈ ਸਿੱਧੇ ਤੌਰ ’ਤੇ ਕੰਸਾਈਨਰ ਅਤੇ ਡਿਸਟਿਲਰੀ ਦੇ ਨਾਲ ਕੰਮ ਕੀਤਾ ਹੈ, ਫ਼ਿਰ ਕਮਰੇ ਵਿੱਚ ਅਤੇ ਫ਼ੋਨ ’ਤੇ ਰੋਸਟਰਮ ਫ਼ੀਲਡਿੰਗ ਬੋਲੀਆਂ ’ਤੇ ਇਹ ਸਫ਼ਰ ਪੂਰਾ ਕੀਤਾ।”

# ਮੂਸੇਵਾਲਾ ਦੇ ਕਤਲ ਲਈ ਜੇਲ੍ਹ ’ਚ ਬੈਠੇ ਗੈਂਗਸਟਰ ਤੋਂ ਮਿਲਿਆ ਫ਼ੋਨ

ਤਰਨਤਾਰਨ: ਕੇਂਦਰੀ ਜੇਲ੍ਹ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਆਏ ਦਿਨ ਮੋਬਾਇਲ, ਨਸ਼ੀਲੇ ਪਦਾਰਥ ਅਤੇ ਹੋਰ ਸਮੱਗਰੀ ਬਰਾਮਦ ਹੋਣ ਦਾ ਸਿਲਸਿਲਾ ਰੁਕਣ ਦਾ ਨਾਂ ਨਹੀਂ ਲੈ ਰਿਹਾ। ਇਸ ਦੀ ਇੱਕ ਹੋਰ ਮਿਸਾਲ ਉਸ ਵੇਲੇ ਮਿਲੀ ਜਦੋਂ ਸ਼ੁੱਭਦੀਪ ਸਿੰਘ ਉਰਫ਼ ਸਿੱਧੂ ਮੂਸੇਵਾਲਾ ਦੇ ਕਤਲ ਮਾਮਲੇ ’ਚ ਨਾਮਜ਼ਦ ਗੈਂਗਸਟਰ ਅਰਸ਼ਦ ਖ਼ਾਨ ਪਾਸੋਂ ਜੇਲ੍ਹ ਪ੍ਰਸ਼ਾਸਨ ਨੇ ਇੱਕ ਮੋਬਾਇਲ ਸਮੇਤ ਸਿਮ ਬਰਾਮਦ ਕੀਤਾ ਹੈ।



ਇਸ ਸਬੰਧੀ ਥਾਣਾ ਸ੍ਰੀ ਗੋਇੰਦਵਾਲ ਸਾਹਿਬ ਦੀ ਪੁਲਸ ਨੇ ਮੁਲਜ਼ਮ ਖ਼ਿਲਾਫ਼ ਪਰਚਾ ਦਰਜ ਕਰਦੇ ਹੋਏ ਬਰਾਮਦ ਕੀਤੇ ਮੋਬਾਇਲ ਦੀ ਫ਼ੋਰੈਂਜ਼ਿਕ ਜਾਂਚ ਕਰਵਾਉਣ ਦੀ ਤਿਆਰੀ ਸ਼ੁਰੂ ਕਰ ਦਿੱਤੀ ਹੈ। ਜ਼ਿਕਰਯੋਗ ਹੈ ਕਿ ਜੇਲ੍ਹ ਅੰਦਰੋਂ ਉਕਤ ਗੈਂਗਸਟਰ ਪਾਸੋਂ ਤੀਸਰੀ ਵਾਰ ਮੋਬਾਇਲ ਬਰਾਮਦ ਕੀਤੇ ਜਾਣ ਦੌਰਾਨ ਜੇਲ੍ਹ ਪ੍ਰਸ਼ਾਸਨ ਦੀ ਕਾਰਜ ਪ੍ਰਣਾਲੀ ’ਤੇ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਕਰ ਦਿੱਤੇ ਹਨ।

ਮਿਲੀ ਜਾਣਕਾਰੀ ਅਨੁਸਾਰ ਕੇਂਦਰੀ ਜੇਲ੍ਹ ਸ੍ਰੀ ਗੋਇੰਦਵਾਲ ਸਾਹਿਬ ਦੇ ਸਹਾਇੱਕ ਸੁਪਰਡੈਂਟ ਸੁਖਵਿੰਦਰ ਰਾਮ ਵਲੋਂ ਜੇਲ੍ਹ ਅੰਦਰ ਸ਼ੁਰੂ ਕੀਤੇ ਗਏ ਅਚਾਨਕ ਤਲਾਸ਼ੀ ਮੁਹਿੰਮ ਦੌਰਾਨ ਹਾਈ ਸਕਿਓਰਟੀ ਜ਼ੋਨ ਨੰਬਰ 3 ਦੇ ਬਲੌਕ-ਸੀ ’ਚੋ ਅਰਸ਼ਦ ਖ਼ਾਨ ਉਰਫ਼ ਅਰਸ਼ਦੀਆ ਪੁੱਤਰ ਰਜ਼ਾਕ ਖਾਨ ਵਾਸੀ ਬੁਕਾਲਸਰ ਬਾਸ, ਵਾਰਡ ਨੰਬਰ 31, ਸਰਦਾਰ ਸ਼ਹਿਰ, ਚੁਰੂ ਰਾਜਸਥਾਨ ਪਾਸੋਂ ਇੱਕ ਨਾਰਜੋ ਕੰਪਨੀ ਦਾ ਟੱਚ ਸਕ੍ਰੀਨ ਮੋਬਾਇਲ ਸਮੇਤ ਸਿਮ ਬਰਾਮਦ ਕੀਤਾ ਗਿਆ।

ਜਾਣਕਾਰੀ ਮੁਤਾਬਿਕ ਮੁਲਜ਼ਮ ਇਸ ਮੋਬਾਇਲ ਤੋਂ ਵਿਦੇਸ਼ ਕਾਲ ਕਰਦਾ ਸੀ। ਜਾਣਕਾਰੀ ਦਿੰਦੇ ਹੋਏ SP ਇਨਵੈਸਟੀਗੇਸ਼ਨ ਵਿਸ਼ਾਲਜੀਤ ਸਿੰਘ ਨੇ ਦੱਸਿਆ ਕਿ ਸਹਾਇੱਕ ਸੁਪਰਡੈਂਟ ਦੇ ਬਿਆਨਾਂ ਹੇਠ ਅਰਸ਼ਦ ਖਾਨ ਉਰਫ਼ ਅਰਸ਼ਦੀਆ ਖ਼ਿਲਾਫ਼ ਮਾਮਲਾ ਦਰਜ ਕਰ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

# UK ਦੇ ਸਿੱਖ MP ਨੂੰ ਮਿਲੀ ਜਾਨੋਂ ਮਾਰਨ ਦੀ ਧਮਕੀ

ਸਰੀ: UK ਦੇ ਸਲੋਹ ਤੋਂ ਸਿੱਖ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਨੂੰ ਸੰਸਦ ’ਚ ਗ਼ਾਜ਼ਾ-ਇਜ਼ਰਾਇਲ ਜੰਗ ਸਬੰਧੀ ਸਕੌਟਿਸ਼ ਨੈਸ਼ਨਲ ਪਾਰਟੀ ਵਲੋਂ ਲਿਆਂਦੇ ਮਤੇ ’ਤੇ ਵੋਟ ਨਾ ਪਾਉਣ ਤੋਂ ਬਾਅਦ ਜਾਨੋਂ ਮਾਰਨ ਦੀ ਧਮਕੀ ਮਿਲੀ ਹੈ। ਢੇਸੀ ਨੇ ਸਕੌਟਿਸ਼ ਨੈਸ਼ਨਲ ਪਾਰਟੀ ਵਲੋਂ ਇਜ਼ਰਾਇਲ-ਹਮਾਸ ਜੰਗਬੰਦੀ ਕਰਨ ਦੀ ਮੰਗ ਕਰਦੇ ਹੋਏ ਪੇਸ਼ ਕੀਤੇ ਗਏ ਮਤੇ ’ਤੇ ਵੋਟ ਪਾਉਣ ਤੋਂ ਪ੍ਰਹੇਜ਼ ਕੀਤਾ ਸੀ।



ਅਹਿੰਸਾ ’ਤੇ ਦੁਵੱਲੇ ਹੱਲ ਲਈ ਸਥਾਈ ਸ਼ਾਂਤੀ ਵੱਲ ਕਦਮ ਚੁੱਕਣ ਲਈ ਲੇਬਰ ਪਾਰਟੀ ਵਲੋਂ ਪੇਸ਼ ਕੀਤੇ ਗਏ ਮਤੇ ਲਈ ਵੋਟ ਪਾਈ ਸੀ।ਲੇਬਰ ਨੇਤਾ ਸਰ ਕੀਰ ਸਟਾਰਮਰ ਨੇ ਆਪਣੇ ਸੰਸਦਾਂ ਨੂੰ ਸਕੌਟਿਸ਼ ਨੈਸ਼ਨਲ ਪਾਰਟੀ ਮਤੇ ’ਤੇ ਪ੍ਰਹੇਜ਼ ਕਰਨ ਲਈ ਕਿਹਾ ਸੀ ਜਦ ਕਿ ਉਸ ਦੇ ਅੱਠ ਫ਼ਰੰਟ ਬੈਂਚਰਾਂ ਨੇ ਇਸ ਲਈ ਵੋਟ ਪਾਉਣ ਲਈ ਅਸਤੀਫ਼ਾ ਦਿੱਤਾ ਸੀ। ਢੇਸੀ ਨੂੰ SNP ਮੋਸ਼ਨ ’ਤੇ ਗ਼ੈਰ-ਹਾਜ਼ਰ ਰਹਿਣ ਕਾਰਨ ਦੁਰ-ਵਿਵਹਾਰ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਮਿਲੀਆਂ ਹਨ।

ਜਾਣਕਾਰੀ ਅਨੁਸਾਰ ਇਸ ਮਾਮਲੇ ’ਚ ਇੱਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ। ਇਸ ਮਾਮਲੇ ਬਾਰੇ ਤਨਮਨਜੀਤ ਸਿੰਘ ਢੇਸੀ ਨੇ ਆਖਿਆ, “ਮੈਂ ਇਨਸਾਨ ਹੋਣ ਦੇ ਨਾਤੇ ਤੁਹਾਨੂੰ ਦੱਸਦਾ ਹਾਂ, ਅਸੀਂ ਅਕਸਰ ਗੇਟ ਬ੍ਰੇਕਸ਼ਿਤ ਡਨ ਅਤੇ ਟੇਕ ਬੈਕ ਕੰਟਰੋਲ ਵਰਗੇ ਨਾਅਰਿਆਂ ਤੇ ਆਵਾਜ਼ਾਂ ’ਤੇ ਫ਼ਿਕਸ ਹੋ ਜਾਂਦੇ ਹਾਂ। ਵਾਸਤਵ ’ਚ ਬੇਸ਼ਕ ਹੱਲ ਬਹੁਤ ਜ਼ਿਆਦਾ ਗੁੰਝਲਦਾਰ ਹਨ।”

ਗ਼ਾਜ਼ਾ ਸੰਕਟ ਸਬੰਧੀ ਮੈਂ ਪ੍ਰਵਾਨ ਕਰਦਾ ਹਾਂ ਕਿ ਲੋਕ ਜੰਗਬੰਦੀ ਸ਼ਬਦ ’ਤੇ ਕੇਂਦ੍ਰਿਤ ਹੋ ਗਏ ਹਨ ਤੇ ਬਹੁਤ ਸਾਰੇ ਮੰਨਦੇ ਹਨ ਕਿ ਇਸ ਨੂੰ ਪ੍ਰਾਪਤ ਕਰਨ ਲਈ ਉਸ ਰਾਤ ਸਿਰਫ਼ ਇੱਕ ਵੋਟ ਸੀ SNP ਸੋਧ ਜੋ ਇੱਕ ਹਫ਼ਤੇ ਤੋਂ ਵੱਧ ਸਮੇਂ ਤੋਂ ਔਨ- ਲਾਈਨ ਵਿਆਪਕ ਤੌਰ ’ਤੇ ਪ੍ਰਸਾਰਿਤ ਕੀਤੀ ਗਈ ਸੀ। ਅਸਲ ’ਚ ਕਈ ਸੋਧਾਂ ਸਨ, ਜਿਨ੍ਹਾਂ ਨੂੰ ਕੰਜ਼ਰਵੇਟਿਵ ਸਰਕਾਰ ਵਲੋਂ ਰੱਦ ਕਰ ਦਿੱਤਾ ਗਿਆ ਸੀ।

# ਕਰਤਾਰਪੁਰ ਸਾਹਿਬ ਨੇੜੇ ਨਹੀਂ ਹੋਈ ਕੋਈ ਪਾਰਟੀ: ਭਾਈ ਗੋਬਿੰਦ



ਲਾਹੌਰ: ਪਾਕਿਸਤਾਨ ਸਥਿਤ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਅੱਜ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸੰਧਵਾਂ, ਡਿਪਟੀ ਸਪੀਕਰ ਜੈ ਕਿਸ਼ਨ ਰੋੜੀ ਸਣੇ ਦੋ ਕੈਬਨਿਟ ਮੰਤਰੀ 17 ਆਪ ਵਿਧਾਇਕ ਅਤੇ ਤਕਰੀਬਨ 500 ਲੋਕਾਂ ਦਾ ਇੱਕ ਜਥਾ ਕਰਤਾਰਪੁਰ ਲਾਂਘੇ ਰਾਹੀਂ ਪਾਕਿਸਤਾਨ ਗਿਆ। ਇਸ ਮੌਕੇ ਡੇਰਾ ਬਾਬਾ ਨਾਨਕ ਲਾਂਘੇ ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਦੱਸਿਆ ਕਿ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਬਾਰੇ ਵਿਧਾਨ ਸਭਾ ਦੇ ਪਹਿਲੇ ਸੈਸ਼ਨ ’ਚ ਫ਼ੈਸਲਾ ਕੀਤਾ ਗਿਆ ਸੀ ਕਿ ਸਾਰੇ ਵਿਧਾਇਕ ਕਰਤਾਰਪੁਰ ਸਾਹਿਬ ਵਿਖੇ ਜਾਣਗੇ ਜਿਸ ਤਹਿਤ ਉਨ੍ਹਾਂ ਸਣੇ ਦੋ ਮੰਤਰੀ ਅਤੇ 17 ਵਿਧਾਇਕ ਅਤੇ ਪੰਜਾਬ ਵਿਧਾਨ ਸਭ ਦੇ ਕੁੱਝ ਸਟਾਫ਼ ਮੈਂਬਰ ਤੇ ਹੋਰ ਲੋਕ ਪਾਕਿਸਤਾਨ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ’ਚ ਪੰਜਾਬ ਦੇ ਮੁੱਖ ਮੰਤਰੀ ਅਤੇ ਉਨ੍ਹਾਂ ਦਾ ਪਰਿਵਾਰ ਵੀ ਕਰਤਾਰਪੁਰ ਸਾਹਿਬ ਦਰਸ਼ਨਾਂ ਲਈ ਜਾਵੇਗਾ। ਇਸ ਦੌਰਾਨ ਉਨ੍ਹਾਂ ਕਿਹਾ ਸੀ ਕਿ ਉਹ ਕਰਤਾਰਪੁਰ ਸਾਹਿਬ ਨੇੜੇ ਹੋਈ ਵਿਸ਼ੇਸ਼ ਪਾਰਟੀ ਦਾ ਮਾਮਲਾ ਅੱਜ ਉਧਰ ਜਾ ਕੇ ਚੁੱਕਣਗੇ।

ਦੇਰ ਸ਼ਾਮ ਨੂੰ ਸਪੀਕਰ ਕੁਲਤਾਰ ਸਿੰਘ ਸੰਧਵਾਂ ਅਤੇ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਗ੍ਰੰਥੀ ਸਿੰਘ ਭਾਈ ਗੋਬਿੰਦ ਸਿੰਘ ਨੇ ਇਕ ਸਾਂਝੀ ਵੀਡੀਓ ਜਾਰੀ ਕਰ ਕੇ ਇਨ੍ਹਾਂ ਸਾਰੀਆਂ ਖ਼ਬਰਾਂ ਦਾ ਖੰਡਨ ਕਰ ਦਿੱਤਾ ਹੈ ਜਿਸ ’ਚ ਇਹ ਦੱਸਿਆ ਜਾ ਰਿਹਾ ਹੈ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਕੈਂਪਸ ’ਚ ਕੋਈ ਨੱਚਣ ਗਾਉਣ ਵਾਲੀ ਪਾਰਟੀ ਹੋਈ ਹੈ। ਭਾਈ ਗੋਬਿੰਦ ਸਿੰਘ ਨੇ ਵੀਡੀਓ ’ਚ ਸਪੱਸ਼ਟ ਕੀਤਾ ਹੈ ਇਹ ਪਾਰਟੀ ਗੁਰਦੁਆਰਾ ਕਰਤਾਰਪੁਰ ਸਾਹਿਬ ਤੋਂ ਦੋ ਕਿਲੋਮੀਟਰ ਦੀ ਦੂਰੀ ’ਤੇ ਹੋਈ ਸੀ। ਪੰਜਾਬ ਸਰਕਾਰ ਵਲੋਂ ਪਕਿਸਤਾਨ ਗਏ ਜਥੇ ਦੇ ’ਚ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ, ਕੈਬਨਿਟ ਮੰਤਰੀ ਚੇਤਨ ਸਿੰਘ ਜੋੜੇਮਾਜਰਾ ਸਣੇ ਵੱਖ -ਵੱਖ ਵਿਧਾਨ ਸਭਾ ਹਲਕਿਆਂ ਦੇ 17 ਵਿਧਾਇਕ ਵੀ ਸਨ।

ਸੰਸਾਰ ਦੀ ਸਾਰੀ ਮਨੁੱਖਤਾ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਅਣਗਿਣਤ ਵਧਾਈਆਂ

HR ACCOUNTANTS

ਅਸੀਂ ਤੁਹਾਡੀ ਕੰਪਨੀ ਅਤੇ ਬਿਜ਼ਨਿਸ ਦਾ ਲੇਖਾ ਜੋਖਾ ਕਰਨ ਵਿੱਚ ਪੂਰੇ ਮਾਹਿਰ ਹਾਂ। ਨਵੀਂ ਕੰਪਨੀ ਖੋਲ੍ਹਣ ਵਿੱਚ ਅਤੇ ਟੈਕਸ ਬਚਾਉਣ ਵਿੱਚ ਮੱਦਦ ਕਰ ਸਕਦੇ ਹਾਂ

OUR SERVICES INCLUDE:

- Self Assessment Tax Returns (Company a Personal)
- Accounts Preparations (Management It Annual Accounts)
- VAT Returns
- Payroll Services
- Book Keeping
- Company Formation & Business Start Ups
- Business Plans & Cash Flow Projections
- Inland Revenue Registration
- Computerised Accountancy System Set up
- Tax Credits it Benefits

Address: 149, Spon Lane, West Bromwich, Birmingham, B70 6AS
Tel/Fax: 0121 553 5019 Mob: 07912 217 914
Web: www.hraccountants.net1 Email: hr.a«ountants,iyahoo.com

ਮਨ ਜਿੱਤ ਵੀਕਲੀ

# ਯੂਕਰੇਨ ਤੋਂ ਪਰਤੇ ਵਿਦਿਆਰਥੀ

ਨੈਸ਼ਨਲ ਮੈਡੀਕਲ ਕਮਿਸ਼ਨ (ਐੱਨਐੱਮਸੀ) ਯੂਕਰੇਨ ਨਾਲ ਸਬੰਧਿਤ ਉਨ੍ਹਾਂ ਭਾਰਤੀ ਐੱਮਬੀਬੀਐੱਸ ਵਿਦਿਆਰਥੀਆਂ ਦੀ ਮਦਦ ਉੱਤੇ ਆਇਆ ਹੈ ਜਿਨ੍ਹਾਂ ਦੀ ਪੜ੍ਹਾਈ ਫਰਵਰੀ 2021 ਦੌਰਾਨ ਰੂਸ-ਯੂਕਰੇਨ ਜੰਗ ਛਿੜਨ ਕਾਰਨ ਅੱਧ ਵਿਚਾਲੇ ਰੁਕ ਗਈ ਸੀ ਅਤੇ ਉਨ੍ਹਾਂ ਨੂੰ ਵਤਨ ਪਰਤਣ ਲਈ ਮਜਬੂਰ ਹੋਣਾ ਪਿਆ ਸੀ। ਐੱਨਐੱਮਸੀ ਨੇ ਬੁੱਧਵਾਰ ਨੂੰ ਇਨ੍ਹਾਂ ਵਿਦਿਆਰਥੀਆਂ ਨੂੰ ਰਾਹਤ ਦਿੰਦਿਆਂ ਕਿਹਾ ਕਿ ਉਹ ਆਪਣੀ ਐੱਮਬੀਬੀਐੱਸ ਦੀ ਪੜ੍ਹਾਈ ਮੁਕੰਮਲ ਕਰਨ ਲਈ ਭਾਰਤ ਤੋਂ ਬਾਹਰ ਕਿਸੇ ਵੀ ਹੋਰ ਮੁਲਕ ਵਿਚ ਪਰਵਾਸ ਕਰ ਸਕਦੇ ਹਨ ਜਾਂ ਤਬਾਦਲਾ ਕਰਵਾ ਸਕਦੇ ਹਨ ਅਤੇ ਉੱਥੇ ਆਪਣੀ ਪੜ੍ਹਾਈ ਮੁਕੰਮਲ ਕਰ ਸਕਦੇ ਹਨ। ਇਹ ਛੋਟ ਸਿਰਫ਼ ਇਕ ਵਾਰ ਅਤੇ ਤਿੰਨ ਮਹੀਨਿਆਂ ਦੀ ਮਿਆਦ ਲਈ ਦਿੱਤੀ ਗਈ ਹੈ। ਇਹ ਸਤੰਬਰ 2022 ਦੇ ਅਕੈਡਮਿਕ ਮੋਬੀਲਿਟੀ ਪ੍ਰੋਗਰਾਮ ਦੀ ਲੜੀ ਵਿਚ ਚੁੱਕਿਆ ਗਿਆ ਅਗਲਾ ਕਦਮ ਹੈ ਜਿਹੜਾ ਵਿਦੇਸ਼ੀ ਮੈਡੀਕਲ ਗਰੈਜੂਏਟਸ (ਐੱਫਐੱਮਜੀਜ਼) ਨੂੰ ਆਪਣਾ ਕੋਰਸ ਪੂਰਾ ਕਰਨ ਦਾ ਮੌਕਾ ਦਿੰਦਾ ਹੈ। ਜੰਗ ਕਾਰਨ 2021 ਵਿਚ ਭਾਰਤ ਵੱਲੋਂ ਕਰੀਬ 19000 ਭਾਰਤੀ ਵਿਦਿਆਰਥੀਆਂ ਨੂੰ ਸੁਰੱਖਿਅਤ ਕੱਢ ਕੇ ਲਿਆਂਦਾ ਗਿਆ ਸੀ। ਉਨ੍ਹਾਂ ਵਿਚੋਂ ਕਰੀਬ 2000 ਵਿਦਿਆਰਥੀਆਂ ਨੇ ਆਪਣੀ ਪੜ੍ਹਾਈ ਯੂਕਰੇਨ ਵਿਚ ਮੁੜ ਸ਼ੁਰੂ ਕਰ ਲਈ ਹੈ ਜਿਨ੍ਹਾਂ ਦੇ ਕਾਲਜ ਪੱਛਮੀ ਯੂਕਰੇਨ ਵਿਚ ਹਨ ਜਦੋਂਕਿ ਕੁਝ ਹੋਰ ਕੋਰਸ ਪੂਰੇ ਕਰਨ ਲਈ ਰੂਸ, ਸਰਬੀਆ ਅਤੇ ਜਾਰਜੀਆ ਚਲੇ ਗਏ ਹਨ। ਹਾਲ ਹੀ ਵਿਚ ਇਕ ਹਜ਼ਾਰ ਤੋਂ ਵੱਧ ਭਾਰਤੀ ਮੈਡੀਕਲ ਵਿਦਿਆਰਥੀਆਂ ਨੂੰ ਭਾਰਤੀ ਸਫ਼ਾਰਤਖ਼ਾਨੇ ਦੇ ਦਖ਼ਲ ਤੋਂ ਬਾਅਦ ਉਜ਼ਬੇਕਿਸਤਾਨ ਦੀ ਇਕ ਮੈਡੀਕਲ ਯੂਨੀਵਰਸਿਟੀ ਵਿਚ ਦਾਖ਼ਲਾ ਦਿੱਤਾ ਗਿਆ ਹੈ। ਐੱਨਐੱਮਸੀ ਐਕਟ ਤਹਿਤ ਐੱਫਐੱਮਜੀਜ਼ ਆਪਣੇ ਕੋਰਸ ਸਿਰਫ਼ ਵਿਦੇਸ਼ਾਂ ਵਿਚ ਹੀ ਮੁਕੰਮਲ ਕਰ ਕੇ ਭਾਰਤ ਵਿਚ ਮੈਡੀਕਲ ਪ੍ਰੈਕਟਿਸ ਕਰਨ ਲਈ ਲਾਇਸੈਂਸ ਵਾਸਤੇ ਟੈਸਟ ਦੇਣ ਦੇ ਯੋਗ ਹੋ ਸਕਦੇ ਹਨ। ਜਿਹੜੇ ਵਿਦਿਆਰਥੀ ਯੂਕਰੇਨ ਤੋਂ ਪਰਤਣ ਸਮੇਂ ਇੰਟਰਨਸ਼ਿਪ ਕਰ ਰਹੇ ਸਨ, ਉਨ੍ਹਾਂ ਨੂੰ ਐੱਨਐੱਮਸੀ ਨੇ ਮਾਰਚ 2022 ਵਿਚ ਆਪਣੀ ਇੰਟਰਨਸ਼ਿਪ ਭਾਰਤ ਵਿਚ ਪੂਰੀ ਕਰਨ ਦੀ ਇਜਾਜ਼ਤ ਦੇ ਦਿੱਤੀ ਸੀ। ਇਸੇ ਤਰ੍ਹਾਂ ਇਸ ਸਾਲ ਮਾਰਚ ਵਿਚ ਸਰਕਾਰ ਨੇ ਨਿਯਮਾਂ ਵਿਚ ਢਿੱਲ ਦਿੰਦਿਆਂ ਵਾਪਸ ਆਏ ਵਿਦਿਆਰਥੀਆਂ ਨੂੰ ਐੱਮਬੀਬੀਐੱਸ ਆਖ਼ਰੀ ਸਾਲ (ਦੋਵੇਂ ਭਾਗ ਇਕ ਤੇ ਭਾਗ ਦੋ) ਦੇ ਇਮਤਿਹਾਨ ਬਿਨਾਂ ਕਿਸੇ ਕਾਲਜ ਵਿਚ ਦਾਖ਼ਲਾ ਲੈਣ ਤੋਂ ਪਾਸ ਕਰਨ ਦੀ ਇਕ ਵਾਰ ਦੇ ਕਦਮ ਤਹਿਤ ਛੋਟ ਦੇ ਦਿੱਤੀ ਸੀ। ਇੱਥੇ ਇਹ ਗੱਲ ਹੈਰਾਨ ਕਰਨ ਵਾਲੀ ਹੈ ਕਿ ਕੇਂਦਰ ਸਰਕਾਰ ਨੇ ਵਿਦਿਆਰਥੀਆਂ ਦਾ ਵਿਦੇਸ਼ੀ ਯੂਨੀਵਰਸਿਟੀਆਂ ਵਿਚ ਦਾਖਲਾ ਕਰਵਾਉਣ ਵਿਚ ਤਾਂ ਮਦਦ ਕੀਤੀ ਹੈ ਪਰ ਅਜਿਹਾ ਕੰਮ ਦੇਸ਼ ਦੇ ਮੈਡੀਕਲ ਕਾਲਜਾਂ ਤੋਂ ਨਹੀਂ ਕਰਾਇਆ ਗਿਆ। ਕਿਹਾ ਜਾਂਦਾ ਹੈ ਕਿ ਮੁਸ਼ਕਿਲਾਂ ਵਾਲਾ ਹਰ ਸਮਾਂ ਨਵੇਂ ਮੌਕੇ ਪੈਦਾ ਕਰਦਾ ਹੈ ਪਰ ਕੇਂਦਰ ਸਰਕਾਰ ਅਜਿਹਾ ਕਰਨ ਵਿਚ ਨਾਕਾਮਯਾਬ ਰਹੀ ਹੈ। ਵਿਦਿਆਰਥੀਆਂ ਦੀ ਪੜ੍ਹਾਈ ਦੇਸ਼ ਵਿਚ ਹੀ ਮੁਕੰਮਲ ਕਰਵਾ ਕੇ ਉਨ੍ਹਾਂ ਦਾ ਮੈਡੀਕਲ ਪ੍ਰੈਕਟਿਸ ਲਈ ਯੋਗਤਾ ਇਮਤਿਹਾਨ ਲਿਆ ਜਾ ਸਕਦਾ ਸੀ। ਇਨ੍ਹਾਂ ਸੰਕਟਗ੍ਰਸਤ ਵਿਦਿਆਰਥੀਆਂ ਨੇ ਇਨਸਾਫ਼ ਦੀ ਮੰਗ ਕਰਦਿਆਂ ਸੁਪਰੀਮ ਕੋਰਟ ਦਾ ਰੁਖ਼ ਕੀਤਾ ਸੀ ਜਿਸ ਵੱਲੋਂ ਅਜਿਹੀਆਂ ਕਈ ਪਟੀਸ਼ਨਾਂ ਦੀ ਸੁਣਵਾਈ ਕੀਤੀ ਜਾ ਰਹੀ ਹੈ। ਉਹ ਪਿਛਲੇ ਸਾਲ ਤੋਂ ਰੋਸ ਮੁਜ਼ਾਹਰੇ ਵੀ ਕਰ ਰਹੇ ਹਨ। ਐੱਨਐੱਮਸੀ ਦੇ ਤਾਜ਼ਾ ਕਦਮ ਨਾਲ ਬਚੇ ਹੋਏ ਮੈਡੀਕਲ ਵਿਦਿਆਰਥੀਆਂ ਨੂੰ ਵੀ ਆਪਣੀ ਪਸੰਦ ਦੇ ਕਿਸੇ ਬਾਹਰਲੇ ਮੁਲਕ ਵਿਚ ਪੜ੍ਹਾਈ ਪੂਰੀ ਕਰਨ ਦਾ ਮੌਕਾ ਮਿਲ ਸਕਦਾ ਹੈ। ਇਸ ਨਾਲ ਉਨ੍ਹਾਂ ਦਾ ਮੈਡੀਕਲ ਕਰੀਅਰ ਮੁੜ ਲੀਹ 'ਤੇ ਆਉਣ ਦੇ ਆਸਾਰ ਬਣੇ ਹਨ ਭਾਵੇਂ ਹਜਾਰਾਂ ਵਿਦਿਆਰਥੀਆਂ ਨੂੰ ਵਿਦੇਸ਼ੀ ਯੂਨੀਵਰਸਿਟੀਆਂ 'ਚ ਮੁੜ ਦਾਖਲਾ ਲੈਣ ਲਈ ਵੱਡੀ ਪੱਧਰ 'ਤੇ ਯਤਨ ਕਰਨੇ ਪੈਣਗੇ। ਕੇਂਦਰ ਸਰਕਾਰ ਨੂੰ ਇਸ ਕਾਰਜ ਵਿਚ ਉਨ੍ਹਾਂ ਦੀ ਬਾਂਹ ਫੜਨੀ ਚਾਹੀਦੀ ਹੈ।



- ਕਰਮ ਸਿੰਘ 'ਕਰਮ'

# ਸ਼ਬਦ ਗੁਰੂ ਦੇ ਲੜ ਲੱਗ ਜਾਵੋ



**ਕਰਮ ਸਿੰਘ ਕਰਮ**

ਗੁਰੂ ਨਾਨਕ ਦੇ ਪਿਆਰੇ ਸਿੱਖੋ, ਕਲਗੀਧਰ ਦੇ ਨਿਆਰੇ ਸਿੱਖੋ,
ਪੜ੍ਹ ਲਓ ਅੰਮ੍ਰਿਤ ਬਾਣੀ ਨੂੰ।
ਸ਼ਬਦ ਗੁਰੂ ਦੇ ਲੜ ਲੱਗ ਜਾਵੋ,ਛੱਡ ਠੱਗਾਂ ਦੀ ਢਾਣ੍ਹੀ ਨੂੰ,
ਪੜ੍ਹ ਲਓ ਅੰਮ੍ਰਿਤ ਬਾਣੀ ਨੂੰ
ਲੈ ਸਹਾਰਾ ਗੁਰੂ ਗਰੰਥ ਦਾ, ਗੁਰੂ ਜੋ ਆਪ ਕਹਾਉਂਦੇ ਨੇ,
ਸੰਤਾਂ ਦੀ ਉਪਮਾ ਦੱਸ ਤੁਹਾਨੂੰ, ਮਗਰ ਜੋ ਆਪਣੇ ਲਾਉਂਦੇ ਨੇ,
ਪਾਣੀ ਹੀ ਬੱਸ ਰਿੜਕੀ ਜਾਂਦੇ, ਪਾ ਚਾਟੀ ਵਿੱਚ ਮਧਾਣੀ ਨੂੰ,
ਗੁਰੂ ਨਾਨਕ ਦੇ ਪਿਆਰੇ ਸਿੱਖੋ............................
ਗੁਰੂ ਗਰੰਥ ਦੇ ਤੁਲ ਨਹੀ ਕੋਈ, ਨਾਹੀਂ ਇਸ ਤੋਂ ਵੱਡਾ ਕੋਈ,
ਉਸਨੂੰ ਸਭ ਕੁਝ ਮਿਲ ਜਾਂਦਾ ਹੈ, ਕਰੇ ਹਿਰਦਿਓਂ ਜੋ ਅਰਜੋਈ,
ਮਿਲਦਾ ਮਾਣ ਗੁਰੂ ਦੇ ਦਰ ਤੋਂ, ਹਰ ਇੱਕ ਜਿੰਦ ਨਿਮਾਣੀ ਨੂੰ,
ਗੁਰੂ ਨਾਨਕ ਦੇ ਪਿਆਰੇ ਸਿੱਖੋ.............................
ਗਿਆਨ ਵਿਹੂਣਾ ਬੰਦਾ ਜੱਗ ਤੇ, ਵਿੱਚ ਭਰਮਾਂ ਦੇ ਰੁਲ ਜਾਂਦੈ,
ਹੀਰੇ ਤੋਂ ਅਣਜਾਣ ਵਿਅਕਤੀ, ਪੱਥਰ ਤੇ ਹੀ ਡੁੱਲ ਜਾਂਦੈ,
ਨਿੱਕਲੋ ਵਹਿਮਾਂ ਵਿੱਚੋਂ ਸਾਰੇ, ਮੰਨੋ ਗੁਰੂ ਦੀ ਗੱਲ ਸਿਆਣੀ ਨੂੰ,
ਗੁਰੂ ਨਾਨਕ ਦੇ ਪਿਆਰੇ ਸਿੱਖੋ............................
ਗੁਰੂ ਗਰੰਥ ਦੀ ਬਾਣੀ ਵਰਗੀ, ਹੋਰ ਕੋਈ ਬਾਣੀ ਸੱਚੀ ਨਹੀਂ,
ਬਾਣੀ ਗੁਰੂ , ਗੁਰੂ ਹੈ ਬਾਣੀ, ਇਹ ਵੀ ਗੱਲ ਕੋਈ ਕੱਚੀ ਨਹੀਂ,
ਦਸਮੇਸ਼ ਪਿਤਾ ਨੇ ਲੜ੍ਹ ਇਸ ਲਾਇਆ, ਕਰਕੇ ਹੁਕਮ ਪ੍ਰਾਣੀ ਨੂੰ,
ਗੁਰੂ ਨਾਨਕ ਦੇ ਪਿਆਰੇ ਸਿੱਖੋ............................
ਨਾ ਇਹ ਕ੍ਰਿਤੀ ਨਾ ਇਹ ਗ੍ਰਹਿਸਥੀ, ਵੱਗ ਫਿਰਦੇ ਨੇ ਠੱਗਾਂ ਦੇ,
ਵਿੱਚ ਮਨੁੱਖਤਾ ਪਾਉਂਦੇ ਵੰਡੀਆਂ, ਲਾਂਬੂ ਲਾ ਲਾ ਅੱਗਾਂ ਦੇ,
'ਕਰਮ' ਇਹ ਲੁੱਟੀ ਜਾਂਦੇ ਦੇਖੋ, ਦੁਨੀਆਂ ਇਸ ਅਣਜਾਣੀ ਨੂੰ,
ਗੁਰੂ ਨਾਨਕ ਦੇ ਪਿਆਰੇ ਸਿੱਖੋ............................

## ਪ੍ਰਕਾਸ਼ ਪੁਰਬ ਨੂੰ ਸਮਰਪਿਤ ਗੀਤ

# ਛੇੜ ਮਰਦਾਨਿਆਂ ਰਬਾਬ...

**ਗੁਰਦੀਸ਼ ਕੌਰ**

ਤਪਦੀ ਲੋਕਾਈ ਤਾਂਈਂ ਠੰਢ ਵਰਤਾਈਏ।
ਛੇੜ ਮਰਦਾਨਿਆਂ ਰਬਾਬ ਬਾਣੀ ਆਈ ਏ।
ਜੱਗ ਦੀਆਂ ਪੀੜਾਂ ਹੁਣ ਜਾਂਦੀਆਂ ਨਾ ਥੰਮ੍ਹੀਆਂ,
ਕਰਨੀਆਂ ਪੈਣੀਆਂ ਉਦਾਸੀਆਂ ਨੇ ਲੰਮੀਆਂ।
ਰੱਬੀ ਫੁਰਮਾਨ ਹੁਣ ਲੋਕਾਂ ਨੂੰ ਸੁਣਾਈਏ
ਛੇੜ
ਕਿਸੇ ਠਗ ਸੱਜਣਾਂ ਦਾ ਭੇਸ ਹੈ ਬਣਾ ਲਿਆ,
ਭੋਲੇ ਭਾਲੇ ਲੋਕਾਂ ਨੂੰ ਹੈ ਜਾਲ਼ 'ਚ ਫਸਾ ਲਿਆ।
ਕੌਡੇ ਜਿਹੇ ਰਾਖਸ਼ਾਂ ਨੂੰ ਸਿੱਧੇ ਰਾਹੇ ਪਾਈਏ
ਛੇੜ
ਕਿਰਤੀ ਹਾਂ ਆਪਾਂ ਅਤੇ ਲਾਲੋ ਸਾਡਾ ਭਾਈ ਏ,
ਵੱਡਿਆਂ ਦੀ ਦੋਸਤੀ ਨਾ ਸਾਨੂੰ ਰਾਸ ਆਈ ਏ।
ਭਾਗੋ ਦਿਆਂ ਪੂੜਿਆਂ ਨੂੰ ਆਪਾਂ ਠੁਕਰਾਈਏ
ਛੇੜ
ਕੂੜ ਦਾ ਹੀ ਚਾਰੇ ਪਾਸੇ ਚੜ੍ਹਿਆ ਗੁਬਾਰ ਹੈ,
ਪਾਪਾਂ ਵਾਲੀ ਮੈਲ਼ ਨਾਲ ਮਚੀ ਹਾਹਾਕਾਰ ਹੈ।
ਸਤਿ ਕਰਤਾਰ ਵਾਲਾ ਨਾਦ ਜਾ ਵਜਾਈਏ
ਛੇੜ
ਚਾਰੇ ਹੀ ਦਿਸ਼ਾਵਾਂ ਵੱਲ ਜਾਣ ਦਾ ਸਬੱਬ ਹੈ,
ਇੱਕ ਥਾਂ ਨਹੀਂ ਰਹਿੰਦਾ ਕਣ ਕਣ ਵਿੱਚ ਰੱਬ ਹੈ।
'ਦੀਸ਼' ਜਿਹੇ ਭੁੱਲੜਾਂ ਨੂੰ ਰਸਤਾ ਦਿਖਾਈਏ
ਛੇੜ

**ਕੈਲ਼ਗਰੀ**
**ਵਟਸਐਪ:** +91 98728 60488

# ਨਾਨਕੀ ਦਾ ਵੀਰ ਸੋਹਣਾ



**ਬਲਦੇਵ ਸਿੰਘ 'ਗਿੱਲ'**

ਮੋਦੀਖਾਨੇ ਵਿੱਚ ਬੈਠਾ ਤੇਰਾ ਤੇਰਾ ਤੋਲਦਾ,
ਸੱਚ ਦਾ ਵਪਾਰੀ ਸੱਚ ਤੱਕੜੀ'ਚ ਤੋਲਦਾ।
ਦੁਖੀ ਤੇ ਗਰੀਬਾਂ ਦੀਆਂ ਕਿਸਮਤਾਂ ਨੂੰ ਖੋਲ੍ਹਦਾ,
ਨਾਨਕੀ ਦਾ ਵੀਰ ਸੋਹਣਾ ਤੇਰਾ ਤੇਰਾ ਬੋਲਦਾ।
ਝੂਠ ਪਾਪ ਦੁਨੀਆਂ ਤੇ ਬੱਦਲਾਂ ਜਿਉਂ ਛਾ ਗਿਆ,
ਚੋਰ ਉਚੱਕਾ ਚੌਧਰੀ ਸੀ ਧਰਮੀ ਕਹਿਲਾ ਰਿਹਾ।
ਸੁਣ ਸੁਣ ਬਾਬਾ ਜੀ ਨੂੰ ਦਿਲ ਉਹਦਾ ਡੋਲਦਾ,
ਨਾਨਕੀ ਦਾ ਵੀਰ ਸੋਹਣਾ ਤੇਰਾ ਤੇਰਾ ਬੋਲਦਾ।
ਕਿਰਤ ਕਮਾਈ ਦਸਾਂ ਨੌਹਾਂ ਨਾਲ ਕਰਨਾ,
ਗ੍ਰਹਿਸਤ ਚਲਾਉਣਾ ਢਿੱਡ ਭੁੱਖਿਆਂ ਦਾ ਭਰਨਾ।
ਸਗਲ ਜਮਾਤੀ ਸਾਰੇ,ਸਦਾ ਇੱਕ ਨੂੰ ਹੀ ਟੋਲ੍ਹਦਾ,
ਨਾਨਕੀ ਦਾ ਵੀਰ ਸੋਹਣਾ ਤੇਰਾ ਤੇਰਾ ਬੋਲਦਾ।
ਪੜ੍ਹਨ ਸਕੂਲ ਗਿਆ, ਮੌਲਵੀ ਪੜ੍ਹਾਇਆ ਸੀ,
ਇੱਕ ਨਾਮ ਅਕਾਲ ਦਾ ੴਸਮਝਾਇਆ ਸੀ।
ਅੱਲਾ ਭਗਵਾਨ, ਈਸਾ ਹਰਿ ਵੀ ਹੈ ਨਾਮ ਓਹਦਾ,
ਕੱਟੜ ਤਾਂ ਬੱਸ ਐਵੇਂ ਕੁਫ਼ਰ ਪਿਆ ਤੋਲਦਾ,
ਨਾਨਕੀ ਦਾ ਵੀਰ ਸੋਹਣਾ ਤੇਰਾ ਤੇਰਾ ਬੋਲਦਾ।
ਬਾਬਾ ਪੀਰ ਦੁਨੀਆਂ ਦਾ,ਬਾਨੀ ਸਿੱਖ ਜੱਗ ਦਾ,
ਪੂਰੀਆਂ ਚੋਂ ਲਹੂ ਦੁੱਧ ਕੋਧਰੇ ਚੋਂ ਵਗਦਾ।
ਹੰਕਾਰੀਆਂ ਦਾ ਦਿਲ ਇਹਨੂੰ ਤੱਕ ਤੱਕ ਡੋਲਦਾ,
ਨਾਨਕੀ ਦਾ ਵੀਰ ਸੋਹਣਾ ਤੇਰਾ ਤੇਰਾ ਬੋਲਦਾ।
ਪੰਜੇ ਨਾਲ ਬਾਬੇ ਨੇ ਪਹਾੜ ਸੀਗਾ ਰੋਕਤਾ,
ਬਲੀ ਕੰਧਾਰੀ ਦਾ ਗੁਮਾਨ,ਪਲ ਵਿੱਚ ਤੋੜਤਾ।
ਸੱਚਾ ਸੁੱਚਾ ਬਾਬੇ ਦਾ ਸੰਦੇਸ਼ 'ਗਿੱਲਾ',
ਪਾਪੀਆਂ ਦੇ ਤੱਕ, ਕਿਵੇਂ ਜਿਗਰੇ ਫਰੋਲਦਾ,
ਨਾਨਕੀ ਦਾ ਵੀਰ ਸੋਹਣਾ ਤੇਰਾ ਤੇਰਾ ਬੋਲਦਾ।
ਭਲਦੇਵ ਸਿੰਘ ਗਿੱਲ ਸ਼ੇਰੇ ਪੰਜਾਬ 'ਢੋਟੀਆਂ'
ਰਿਸ਼ੀ ਸੁਨਕ ਜੀ ਜ਼ਿੰਦਾਬਾਦ, ਰਿਸ਼ੀ ਸੁਨਕ ਜੀ ਜ਼ਿੰਦਾਬਾਦ।
ਗੁਜਰਾਂਵਾਲਾ ਰਹੇ ਆਬਾਦ, ਗੱਜਰਾਂਵਾਲਾ ਰਹੇ ਆਬਾਦ।
ਜਿਸਦਾ ਦਿੱਤਾ ਖਾਈਏ,ਬਈ ਗੁਣ ਉਸੇ ਦੇ ਗਾਈਏ,
ਇੰਗਲੈਂਡ ਦੇਸ਼ ਦੀ ਮਿੱਟੀ ਨੂੰ, ਕਿਉਂ ਨਾ ਵਡਿਆਈਏ।
ਗੁਰੂਆਂ ਪੀਰਾਂ ਦੀ ਧਰਤੀ ਤੋਂ ਮਿਲੀ ਆਸ਼ੀਰਵਾਦ,
ਰਿਸ਼ੀ ਸੁਨਕ ਜੀ ਜ਼ਿੰਦਾਬਾਦ, ਰਿਸ਼ੀ ਸੁਨਕ ਜੀ ਜ਼ਿੰਦਾਬਾਦ।
ਖ਼ਾਨਦਾਨੀ ਜੜ੍ਹਾਂ ਪੰਜਾਬ ਦੀਆਂ ਪਰ ਜਾ ਵਸਿਆ ਅਫ਼ਰੀਕਾ,
1960'ਚ ਯੂਕੇ ਆਕੇ,ਰੱਖਿਆ ਸਾਊਥਹੈਂਪਟਨ ਸੁਗੜ੍ਹ ਸਲੀਕਾ।
1980 ਵਿੱਚ ਸੀ, ਸਾਊਥਹੈਂਪਟਨ ਵਿੱਚ ਜਨਮੇ ਜਨਾਬ,
ਰਿਸ਼ੀ ਸੁਨਕ ਜੀ ਜ਼ਿੰਦਾਬਾਦ, ਰਿਸ਼ੀ ਸੁਨਕ ਜੀ ਜ਼ਿੰਦਾਬਾਦ।
ਏਹਨੂੰ ਕਹਿੰਦੇ ਸਹੀ ਸਿਆਸਤ,ਮੁੱਲ ਵੋਟਾਂ ਦੇ ਪਾਉਣ ਦਾ,
ਚੱਲੋ ਚਾਂਨਸ ਤਾਂ ਮਿਲ ਗਿਆ,ਅੱਗੇ ਨੂੰ ਕਦਮ ਵਧਾਉਣ ਦਾ।
ਮਹਾਰਾਜਾ ਚਾਰਲਸ ਨਾਲ ਮੁਲਾਕਾਤ,ਜੱਗ ਕਰੂਗਾ ਯਾਦ,
ਰਿਸ਼ੀ ਸੁਨਕ ਜੀ ਜ਼ਿੰਦਾਬਾਦ, ਰਿਸ਼ੀ ਸੁਨਕ ਜੀ ਜ਼ਿੰਦਾਬਾਦ।
ਗਗਨ ਦਮਾਮਾ ਵੱਜਿਆ ਜਦ, ਹੱਕ ਸੱਚ ਦੇ ਬੈਂਡ ਦਾ,
ਰਿਸ਼ੀ ਸੁਨਕ ਜੀ ਬਣ ਗਿਆ, ਪੀ ਐਮ ਇੰਗਲੈਂਡ ਦਾ।
'ਚੰਨ ਜੰਡਿਆਲਵੀ' ਕਹਿੰਦਾ ਯਾਰੋ,ਆ ਗਿਆ ਬਈ ਸੁਆਦ,
ਰਿਸ਼ੀ ਸੁਨਕ ਜੀ ਜ਼ਿੰਦਾਬਾਦ, ਗੁੱਜਰਾਂਵਾਲਾ ਰਹੇ ਆਬਾਦ।

# .ਗਜ਼ਲ



**ਗੁਰਭਜਨ ਗਿੱਲ**

ਰਾਮ ਦਾਸ ਗੁਰ ਮੋਹੜੀ ਗੱਡੀ, ਜਿਹੜੀ ਥਾਂ ਸਿਫ਼ਤੀ ਦਾ ਘਰ ਹੈ।
ਸਰਬ ਕਲਾ ਸੰਪੂਰਨ ਨਗਰੀ, ਗੁਰ ਕੇ ਕਾਰਨ ਅੰਮ੍ਰਿਤਸਰ ਹੈ।
ਧਰਮ ਕਰਮ ਲਈ ਹਰਿਮੰਦਰ ਹੈ, ਗੁਰ ਅਰਜਨ ਦੀ ਦੂਰ ਦ੍ਰਿਸ਼ਟੀ,
ਮੀਆਂਮੀਰ ਬਰਾਬਰ ਬੈਠਾ, ਸਰਬ ਕਾਲ ਦਾ ਦੀਦਾਵਰ ਹੈ।
ਹਰਗੋਬਿੰਦ ਗੁਰੂ ਦੀ ਪੀਰੀ, ਨਾਲ ਖੜ੍ਹੀ ਕਿਰਪਾਲੂ ਪੀਰੀ,
ਤਖ਼ਤ ਅਕਾਲ ਉਸਾਰਨਹਾਰਾ, ਨਿਰਭਓ ਤੇ ਨਿਰਵੈਰੀ ਦਰ ਹੈ।
ਇੱਕ ਮਾਰਗ ਦੇ ਪਾਂਧੀ ਖ਼ਾਤਰ, ਚਾਰੇ ਬੂਹੇ ਹਰ ਪਲ ਖੁੱਲ੍ਹੇ,
ਸੁਰਤਿ ਇਕਾਗਰ ਜੇਕਰ ਹੋਵੇ, ਸੱਖਣੀ ਝੋਲੀ ਦੇਂਦਾ ਭਰ ਹੈ।
ਬਿਪਰਨਵਾਦੀਆਂ ਭੇਸ ਬਦਲਿਆ, ਰਾਖੇ ਬਣ ਗਏ ਸਾਡੇ ਘਰ ਦੇ,
ਅਮਰਵੇਲ ਮੁੜ ਬੇਰੀ ਚੜ੍ਹ ਗਈ, ਚੱਟ ਨਾ ਜਾਵੇ ਏਹੀ ਡਰ ਹੈ।
ਸ਼ਬਦ ਗੁਰੂ ਸੰਦੇਸ਼ ਸੁਹਾਵਾ, ਸਾਡੀ ਰੂਹ ਤੇ ਪਰਚਮ ਝੂਲੇ,
ਘਰ ਘਰ ਉੱਸਰੇ ਧਰਮਸਾਲ ਦਾ, ਗੁਰ ਮੇਰੇ ਨੇ ਦਿੱਤਾ ਵਰ ਹੈ।
ਧਰਤਿ ਗਗਨ ਤੇ ਕੁੱਲ ਸ੍ਰਿਸ਼ਟੀ, ਪੱਤੇ ਪੱਤੇ ਗੋਬਿੰਦ ਬੈਠਾ,
ਆਦਿ ਜੁਗਾਦੀ ਜੋਤ ਨਿਰੰਤਰ, ਨੂਰ ਨੂਰਾਨੀ ਦਾ ਸਰਵਰ ਹੈ।

# ਨਵਾਂ ਜਨਮ

ਮੇਰੀ ਇਹ ਕਹਾਣੀ ਮਨ ਜਿੱਤ ਵੀਕਲੀ ਦੇ ਮੁੱਖ ਸੇਵਦਾਰ ਸ੍ਰ. ਕਰਮ ਸਿੰਘ 'ਕਰਮ' ਵੱਲੋਂ ਪੰਜਾਬੀ ਮਾਂ ਬੋਲੀ, ਪੰਜਾਬੀ ਸੱਭਿਆਚਾਰ, ਪੰਜਾਬੀ ਪ੍ਰੰਪਰਾਵਾਂ, ਸਿੱਖ ਇਤਿਹਾਸ, ਸਿੱਖ ਧਰਮ ਅਤੇ ਸਮੁੱਚੀ ਇਨਸਾਨੀਅਤ ਦੇ ਭਲੇ ਵਾਸਤੇ ਕੀਤੀ ਜਾ ਰਹੀ ਨਿਸ਼ਕਾਮ ਸੇਵਾ ਨੂੰ ਸਮਰਪਿਤ ਹੈ।

**'ਹਜ਼ਾਰੋਂ ਸਾਲ ਨਰਗਸ ਆਪਣੀ ਬੇਨੂਰੀ ਪੇ ਰੋਤੀ ਹੈ।**
**ਬੜੀ ਮੁਸ਼ਕਲ ਸੇ ਹੋਤਾ ਹੈ ਕੋਈ ਚਮਨ ਮੇਂ ਦੀਦਾਵਰ ਪੈਦਾ।'**
**- ਡਾਕਟਰ ਮੁਹੰਮਦ ਇਕਬਾਲ।**

ਮੈਨੂੰ ਜਾਪ ਰਿਹਾ ਏ ਕਿ ਡਾਕਟਰ ਇਕਬਾਲ ਨੇ ਆਪਣਾ ਇਹ ਯਾਦਗਾਰੀ ਸ਼ੇਅਰ ਸ੍ਰ. ਕਰਮ ਸਿੰਘ ਵਰਗੇ ਕਿਸੇ ਧਰਮੀਂ ਇਨਸਾਨ ਦੀ ਨਿਰਮਲਤਾ, ਕੋਮਲਤਾ, ਉਦਾਰਤਾ, ਖੁੱਲ੍ਹਦਿਲੀ, ਕੁਲੀਨਤਾ, ਮਿਹਨਤ ਅਤੇ ਕੁਰਬਾਨੀ ਤੋਂ ਪ੍ਰਭਾਵਿਤ ਹੋ ਕੇ ਲਿਖਿਆ ਹੋਵੇਗਾ।

**- ਬਲਬੀਰ ਸਿੰਘ ਸੇਖੋਂ ਪਮਾਲ**



ਸ. ਬਲਬੀਰ ਸਿੰਘ ਸੇਖੋਂ ਪਮਾਲ

ਦਿਨ ਬੁੱਧਵਾਰ, ਫਰਵਰੀ ਮਹੀਨੇ ਦਾ ਤੀਸਰਾ ਹਫ਼ਤਾ, ਵਰ੍ਹਾ 2005, ਵਕਤ ਇੱਕ ਵਜੇ ਦਾ। ਮੌਸਮ ਦਾ ਮਿਜ਼ਾਜ ਅੱਜ ਕਾਫੀ ਵਿਗੜਿਆ ਹੋਇਆ ਸੀ। ਅਸਮਾਨ ਬੱਦਲਾਂ ਨਾਲ ਘਿਰਿਆ ਹੋਇਆ ਸੀ। ਥੋੜ੍ਹੀ ਥੋੜ੍ਹੀ ਭੂਰ ਪੈ ਰਹੀ ਸੀ। ਸੂਰਜ ਦੇਵਤੇ ਤੋਂ ਪਤਾ ਨਹੀਂ ਕਿਹੜੀ ਗਲਤੀ ਅੱਜ ਫੇਰ ਹੋ ਗਈ ਸੀ ਕਿ ਉਹ ਲੋਕਾਂ ਨਾਲ ਨਜ਼ਰਾਂ ਮਿਲਾਉਣ ਤੋਂ ਡਰਦਾ ਬੱਦਲਾਂ ਉਹਲੇ ਲੁਕਿਆ ਬੈਠਾ ਸੀ। ਅਮਰ ਸਿੰਘ ਹਾਈ ਰੋਡ, ਇਲਫਰਡ ਤੇ ਤੁਰਦਾ-ਤੁਰਦਾ ਐਕਸਚੇਂਜ਼ ਦੇ ਸਾਹਮਣੇ ਲੱਗੇ ਹੋਏ ਬੈਂਚ ਤੇ ਜਾ ਬੈਠਿਆ। ਇਸ ਬੈਂਚ ਦੀ ਸੇਵਾ ਸ. ਹਰਮੇਘ ਸਿੰਘ ਰਤਨ ਨੇ ਆਪਣੇ ਜੋਬਨਰੁੱਤੇ ਸਦਾ ਵਾਸਤੇ ਘਰੋਂ ਤੁਰ ਜਾਣ ਵਾਲੇ ਮਹਿਬੂਬ ਬੇਟੇ ਸਰਵਜੀਤ ਸਿੰਘ ਦੀ ਯਾਦ ਵਿਚ ਕਰਵਾਈ ਹੈ। ਬਥੇਰੇ ਲੋਕ ਇਸ ਬੈਂਚ ਤੇ ਸਾਰਾ ਦਿਨ ਆ ਕੇ ਬੈਠਦੇ ਰਹਿੰਦੇ ਹਨ ਅਤੇ ਇਸ ਬੈਂਚ ਤੇ ਲੱਗੀ ਹੋਈ ਪਲੇਟ ਨੂੰ ਦੇਖੇ ਬਗੈਰ ਹੀ ਆਪੋ-ਆਪਣੇ ਰਾਹ ਤੁਰ ਜਾਂਦੇ ਹਨ। ਕਈ ਇਸ ਪਲੇਟ ਦਾ ਅੱਖਰ-ਅੱਖਰ ਪੜ੍ਹਦੇ ਹਨ ਅਤੇ ਕੱਚੀ ਉਮਰੇ ਜਹਾਨੋਂ ਤੁਰ ਜਾਣ ਵਾਲੇ ਬਾਰੇ ਸੋਚਕੇ ਉਦਾਸ ਹੁੰਦੇ ਹਨ।

ਅਮਰ ਸਿੰਘ ਨੇ ਅੱਜ ਇਸ ਪਲੇਟ ਨੂੰ ਦੁਬਾਰਾ ਹੋਰ ਵੀ ਗੌਰ ਨਾਲ ਪੜ੍ਹਿਆ। ਉਹ 32 ਸਾਲਾਂ ਦੇ ਭਰਪੂਰ ਜਵਾਨੀ ਵਿਚ ਤੁਰ ਜਾਣ ਵਾਲੇ ਦੀ ਜ਼ਿੰਦਗੀ ਦੀ ਸ਼ਾਮ ਵੱਲ ਤੇਜ਼ੀ ਨਾਲ ਦੌੜੇ ਜਾਂਦੇ ਮਾਂ ਬਾਪ, ਉਸਦੀ ਸੁੰਦਰ ਸਡੌਲ ਨੌਜਵਾਨ ਬੀਵੀ ਅਤੇ ਦੋ ਛੋਟੇ-ਛੋਟੇ, ਪਿਆਰੇ-ਪਿਆਰੇ ਬੱਚਿਆਂ ਬਾਰੇ ਸੋਚਦਾ-ਸੋਚਦਾ ਬੇਚੈਨ ਹੋ ਗਿਆ।

ਉਸਨੇ ਆਲੇ-ਦੁਆਲੇ ਨਜ਼ਰ ਘੁੰਮਾਈ ਸਾਰੇ ਬੈਂਚ ਖਾਲੀ ਪਏ ਸਨ। ਇਸ ਭੀੜ ਭੜੱਕੇ ਵਾਲੀ ਸੜ੍ਹਕ ਤੇ ਅੱਜ ਰੌਣਕ ਨਹੀਂ ਸੀ। ਟਾਵਾਂ-ਟਾਵਾਂ ਬੰਦਾ ਹੀ ਤੁਰਿਆ ਫਿਰਦਾ ਨਜ਼ਰ ਆ ਰਿਹਾ ਸੀ। ਉਹ ਕਾਫੀ ਦੇਰ ਉੱਥੇ ਉਦਾਸ ਸਥਿਤੀ ਵਿੱਚ ਬੈਠਾ ਰਿਹਾ, ਫਿਰ ਹਿੰਮਤ ਕਰਕੇ ਪੰਜਾਬੀ ਸੈਂਟਰ ਜਾਣ ਵਾਸਤੇ ਉੱਥੋਂ ਉਠਿਆ ਪਰ ਉੱਥੇ ਜਾਣ ਦੀ ਬਜਾਏ ਐਕਸਚੇਂਜ਼ ਦੀ ਹੇਠਲੀ ਮੰਜ਼ਿਲ ਤੇ ਬਣੇ ਰੈਸਟੋਰੈਂਟ ਵਿਚ ਚਾਹ ਦਾ ਪਿਆਲਾ ਲੈ ਕੇ ਇੱਕ ਕੋਨੇ ਤੇ ਪਈ ਖਾਲੀ ਕੁਰਸੀ ਤੇ ਬੈਠ ਗਿਆ। ਬਾਕੀ ਸਾਰੀਆਂ ਕੁਰਸੀਆਂ ਖਾਲੀ ਪਈਆਂ ਸਨ।

ਉਸਨੇ ਚਾਹ ਦੀ ਹਾਲੇ ਇੱਕ ਘੁੱਟ ਹੀ ਭਰੀ ਸੀ ਕਿ ਉਸਨੂੰ ਦੂਰੋਂ ਇੱਕ ਸਰਦਾਰ ਜੀ ਹੌਲੀ-ਹੌਲੀ ਤੁਰੇ ਆਉਂਦੇ ਨਜ਼ਰੀਂ ਪਏ।

"ਓਏ ਕਰਤਾਰ ਸਿਆਂ! ਤੂੰ ਐਂ ?" ਕੋਲ ਆਏ ਸਰਦਾਰ ਨੂੰ ਪਛਾਣ ਕੇ ਉਹ ਬੋਲਿਆ। ਨਾਲ ਦੀ ਕੁਰਸੀ ਤੇ ਉਹ ਵੀ ਬੈਠ ਗਿਆ। ਕਰਤਾਰ ਸਿੰਘ ਦੀ ਐਨੀ ਮੰਦੀ ਹਾਲਤ ਦੇਖਕੇ ਉਹ ਹੈਰਾਨ ਰਹਿ ਗਿਆ। ਕਮਜ਼ੋਰ ਸਰੀਰ, ਉਤਰਿਆ ਹੋਇਆ ਉਦਾਸ ਚਿਹਰਾ, ਅੰਦਰ ਨੂੰ ਧੱਸੀਆਂ ਬਰੀਕ ਅੱਖਾਂ, ਮੈਲੇ ਤੇ ਢਿੱਲੇ ਢਿੱਲੇ ਕੱਪੜੇ। ਇੱਕ ਪਾਸੇ ਨੂੰ ਢਿਲਕੀ ਹੋਈ ਗੰਦੀ ਪਗੜੀ, ਕਈ ਥਾਵਾਂ ਤੋਂ ਬਾਹਰ ਵੱਲ ਝਾਕਦੇ ਚਿੱਟੇ, ਖੁਸ਼ਕ ਵਾਲ ਅਤੇ ਖਿੱਲਰੀ ਹੋਈ ਦਾੜ੍ਹੀ।

"ਓਏ ਕਰਤਾਰ ਸਿਆਂ ਤੈਨੂੰ ਕੀ ਹੋ ਗਿਆ ? ਤੂੰ ਤਾਂ ਯਾਰ ਉਈਂ ਪਛਾਣਿਆ ਨੀ ਜਾ ਰਿਹੈ। ਤੇਰੀ ਤਾਂ ਬੱਸ ਹੋਈ ਪਈ ਐ। ਉਹ ਪਹਿਲਾਂ ਵਾਲਾ ਸ਼ੇਰ ਵਰਗਾ ਨਿੱਖ਼ਰਿਆ-ਨਿੱਖ਼ਰਿਆ ਕਰਤਾਰ ਸਿਉਂ ਕਿੱਥੇ ਚਲਿਆ ਗਿਆ। ਮੈਨੂੰ ਲੱਗਦੈ ਮੈਂ ਉਹਦਾ ਮਰੇ ਹੋਏ ਦਾ ਪਿੰਜਰ ਦੇਖ ਰਿਹਾਂ।"

"ਤੇਰੀ ਗੱਲ ਸੱਚ ਈ ਐ ਮਿੱਤਰਾ। ਘਰ ਦਿਆਂ ਵੱਲੋਂ ਤਾਂ ਮੈਂ ਮਰ ਹੀ ਗਿਆਂ ਪਰ ਦੂਜਿਆਂ ਵਾਸਤੇ ਹਾਲੇ ਸਾਹ ਚਲਦੇ ਨੇ। ਜਦ ਥੋਡੀ ਘਰ'ਚ ਕੋਈ ਇੱਜ਼ਤ ਹੀ ਨਹੀਂ ਫੇਰ ਏਸ ਜ਼ਿੰਦਗੀ ਦਾ ਫਾਇਦਾ ਵੀ ਕੀ ਐ ਅਮਰ ਸਿਆਂ ।ਅਜਿਹੀ ਜ਼ਿੰਦਗੀ ਤਾਂ ਸਾਲੀ ਮੌਤ ਨਾਲੋਂ ਵੀ ਭੈੜੀ ਆ।"

ਅਮਰ ਸਿੰਘ ਨੇ ਵੀ ਜ਼ਮਾਨਾ ਵੇਖਿਆ ਸੀ, ਉਹ ਬਹੁਤ ਸਮਝਦਾਰ ਇਨਸਾਨ ਸੀ। ਉਸਨੇ ਕਦੇ ਵੀ ਕੋਈ ਫੈਸਲਾ ਕਾਹਲ ਵਿਚ ਨਹੀਂ ਸੀ ਕੀਤਾ। ਵੈਸੇ ਵੀ ਸੁਭਾਅ ਦਾ ਦਲੇਰ ਸੀ। ਛੇਤੀ ਕੀਤੇ ਕਿਸੇ ਦੀ ਧੌਂਸ ਵਿੱਚ ਨਹੀਂ ਸੀ ਆਉਂਦਾ ।ਹਮੇਸ਼ਾਂ ਅੱਛੀ ਸਲਾਹ ਦੇਣ ਵਾਲਾ ਸੱਚਾ ਤੇ ਈਮਾਨਦਾਰ ਬੰਦਾ। ਸਿੱਖ ਭਾਈਚਾਰੇ ਵਿੱਚ ਵੀ ਉਸਦੀ ਚੰਗੀ ਚੌਧਰ ਸੀ ।ਉਸਨੇ ਕਰਤਾਰ ਸਿੰਘ ਦੀ ਕਿਸੇ ਵੀ ਗੱਲ ਦਾ ਉੱਤਰ ਦਿੱਤੇ ਬਗੈਰ ਉੱਠਕੇ ਉਸਨੂੰ ਲਿਆਕੇ ਚਾਹ ਦਾ ਪਿਆਲਾ ਪਕੜਾ ਦਿੱਤਾ। ਦੋਨੋਂ ਥੋੜ੍ਹੀ ਦੇਰ ਇੱਕ ਦੂਸਰੇ ਵੱਲ ਝਾਕਦੇ ਰਹੇ ਪਰ ਬੋਲੇ ਕੁੱਝ ਨਾ। ਚਾਹ ਖ਼ਤਮ ਹੋ ਗਈ ।ਕਰਤਾਰ ਸਿੰਘ ਦੇ ਮੱਥੇ ਤੋਂ ਗੁੱਸੇ ਦੀਆਂ ਧਸੀਆਂ ਲਕੀਰਾਂ ਕੁੱਝ ਢਿੱਲੀਆਂ ਪਈਆਂ ਵੇਖਕੇ ਅਮਰ ਸਿੰਘ ਨੇ ਗੱਲ ਅੱਗੇ ਤੋਰ ਲਈ, "ਕਰਤਾਰ ਸਿਆਂ, ਆਪਾਂ ਪੁਰਾਣੇ ਦੋਸਤ ਆਂ। ਇੱਕੋ ਦਫ਼ਤਰ ਵਿੱਚ ਆਪਾਂ ਕਿੰਨੇ ਸਾਲ ਇਕੱਠੇ ਕੰਮ ਕੀਤਾ। ਆਪਣੇ ਸਰਕਾਰੀ ਬੰਗਲੇ ਵੀ ਕੋਲ-ਕੋਲ ਸੀ। ਹੁਣ ਵੀ ਆਪਾਂ ਇੱਕੋ ਇਲਾਕੇ ਵਿਚ ਹੀ ਰਹਿ ਰਹੇ ਹਾਂ। ਮੇਰੇ ਦੋਸਤ, ਸੱਚ ਦੱਸ ਇਹ ਸਭ ਕਿਵੇਂ ਹੋਇਐ ? ਸ਼ਾਇਦ ਮੈਂ ਤੇਰੀ ਕੁੱਝ ਮੱਦਦ ਕਰ ਸਕਾਂ।" ਅਮਰ ਸਿੰਘ ਸੋਚ-ਸੋਚ ਕੇ ਬੋਲ ਰਿਹਾ ਸੀ। ਉਹ ਹਰ ਹਾਲਤ ਵਿੱਚ ਜ਼ਿੰਦਗੀ ਤੋਂ ਉਪਰਾਮ ਹੋ ਚੁੱਕੇ ਆਪਣੇ ਯਾਰ ਦੇ ਦੁੱਖ ਦੀ ਦਾਰੂ ਬਣਨਾ ਚਾਹੁੰਦਾ ਸੀ। ਅੱਗੋਂ ਕਰਤਾਰ ਸਿੰਘ ਚੁੱਪ ਰਿਹਾ।

"ਜੇ ਤੈਨੂੰ ਮੇਰੀ ਯਾਰੀ ਤੇ ਭਰੋਸਾ ਨਹੀਂ ਤਾਂ ਫਿਰ ਤੇਰੀ ਮਰਜ਼ੀ ਐ। ਵੈਸੇ ਮੈਨੂੰ ਪੂਰਾ ਭਰੋਸਾ ਕਿ ਮੈਂ ਤੇਰੀ ਹਰ ਮੱਦਦ ਕਰ ਸਕਦਾਂ।" ਅਮਰ ਸਿੰਘ ਇੱਕ ਤਰ੍ਹਾਂ ਦਾ ਰੋਸ ਜਿਹਾ ਜਤਾਕੇ ਉਸਨੂੰ ਕੁੱਝ ਕਹਿਣ ਵਾਸਤੇ ਤਿਆਰ ਕਰ ਰਿਹਾ ਸੀ।

"ਅਮਰ ਸਿਆਂ, ਮੈਨੂੰ ਬਿਲਕੁੱਲ ਨਹੀਂ ਪਤਾ ਕਿ ਮੈਂ ਕਹਾਂ ਤੇ ਕੀ ਕਹਾਂ ਅਤੇ ਕਰਾਂ ਤੇ ਕੀ ਕਰਾਂ।"

"ਪਹਿਲਾਂ ਗੱਲ ਦੱਸ ਸਾਰੀ ਫਿਰ ਸੋਚਾਂਗੇ ਕਿ ਕੀ ਕਰਨਾ ਚਾਹੀਦਾ ਹੈ।" ਅਮਰ ਸਿੰਘ ਗੰਭੀਰਤਾ ਨਾਲ ਬੋਲ ਰਿਹਾ ਸੀ।

"ਯਾਰ ਜਿਹੜੀ ਗੱਲ ਤੂੰ ਪੁੱਛਦੈਂ ਉਸੇ ਨੂੰ ਲੈ ਕੇ ਤਾਂ ਘਰੇ ਪਿਛਲੇ ਦਸਾਂ ਦਿਨਾਂ ਤੋਂ ਹਰ ਰੋਜ਼ ਪਲੇਟਾਂ ਟੁੱਟਦੀਆਂ ਹਨ। ਜਿਸ ਦਿਨ ਦਾ ਮੈਂ ਦੇਸ਼ ਤੋਂ ਆਇਆ ਹਾਂ ਹਰ ਰੋਜ਼ ਝਗੜਾ ਹੁੰਦੈ। ਮੇਰੀ ਬੀਵੀ ਅਤੇ ਬੱਚੇ ਇੱਕ ਪਾਸੇ ਅਤੇ ਮੈਂ ਇਕੱਲਾ ਇੱਕ ਪਾਸੇ। ਮੈਂ ਤਾਂ ਕਈਆਂ ਦਿਨਾਂ ਤੋਂ ਆਪਣੀ ਰੋਟੀ ਵੀ ਆਪ ਪਕਾ ਕੇ ਖਾਦਾਂ ਹਾਂ। ਅੱਜ ਸਵੇਰੇ ਉਨ੍ਹਾਂ ਨੇ ਮੈਨੂੰ ਸਾਫ਼ ਆਖ ਦਿੱਤਾ ਹੈ ਕਿ ਇੰਡੀਆ ਵਾਲੀ ਆਪਣੇ ਹਿੱਸੇ ਦੀ ਜਾਇਦਾਦ ਦੇ ਦੋ ਕਰੋੜ ਰੁਪਏ ਆਪਣੇ ਭਰਾਵਾਂ ਤੋਂ ਲੈ ਕੇ ਆ, ਨਹੀਂ ਫਿਰ ਉਨ੍ਹਾਂ ਪਾਸ ਜਾ ਕੇ ਉੱਥੇ ਹੀ ਰਹਿ ਜਾਂ ਬਾਹਰ ਕਿਰਾਏ ਤੇ ਚਲਿਆ ਜਾ। ਪਰ ਸਾਡੇ ਨਾਲ ਘਰੇ ਬਿਲਕੁੱਲ ਨਹੀਂ ਰਹਿ ਸਕਦਾ।"

"ਕਰਤਾਰ ਸਿਆਂ, ਤੂੰ ਆਪਣੇ ਵੱਡੇ ਸਾਲੇ ਨਾਲ ਗੱਲ ਕਰਨੀ ਸੀ।"

"ਯਾਰ, ਸਾਰੇ ਝਗੜੇ ਦੀ ਜੜ੍ਹ ਹੀ ਉਹ ਹੈ। ਉਹ ਸਾਰਾ ਦਿਨ ਆ ਕੇ ਘਰਦਿਆਂ ਨੂੰ ਚੁੱਕੀ ਜਾਂਦੈ। ਬਾਕੀ ਰਹਿੰਦੀ ਕਸਰ ਮੇਰੀਆਂ ਦੋਨੋਂ ਕੁੜਮਣੀਆਂ ਪੂਰੀ ਕਰ ਰਹੀਆਂ ਹਨ।"

"ਯਾਰਾ ਜਦ ਪੈਸਾ ਆਪਣਾ ਹੀ ਖੋਟਾ ਹੈ ਫਿਰ ਆਪਾਂ ਬਾਣੀਏ ਨੂੰ ਕੀ ਦੋਸ਼ ਦੇ ਸਕਦੇ ਹਾਂ।"

"ਤੇਰੀ ਗੱਲ ਸੱਚੀ ਹੈ ਅਮਰ ਸਿਆਂ।" ਥੋੜ੍ਹੀ ਦੇਰ ਕਰਤਾਰ ਸਿੰਘ ਚੁੱਪ ਰਿਹਾ ਅਤੇ ਫਿਰ ਇੱਕ ਦਮ ਪਾਗਲਾਂ ਵਾਂਗ ਬੋਲਿਆ, ਉਕੀ ਫਾਇਦਾ ਅਜਿਹੀ ਜ਼ਿੰਦਗੀ ਦਾ। ਮੈਂ ਤਾਂ ਮਰ ਹੀ ਜਾਣਾ। ਸਾਰੇ ਲੈਣੇ-ਦੇਣੇ ਦਾ ਚੱਕਰ ਆਪੇ ਈ ਖਤਮ ਹੋ ਜੂ।" ਉਸਦਾ ਗੁੱਸਾ ਫਿਰ ਉੱਪਰ ਨੂੰ ਜਾਣਾ ਸ਼ੁਰੂ ਹੋ ਗਿਆ ਸੀ। ਉਸਦਾ ਚਿਹਰਾ ਹੋਰ ਵੀ ਉੱਤਰ ਗਿਆ ਸੀ। ਅੱਖਾਂ ਵਿਚੋਂ ਹੰਝੂ ਵਹਿ ਰਹੇ ਸਨ।

ਅਮਰ ਸਿੰਘ ਸਿਆਣਾ ਬੰਦਾ ਸੀ। ਉਸਨੇ ਆਪਣਾ ਪੈਂਤਰਾ ਬਦਲ ਲਿਆ ਤੇ ਫਿਰ ਸੋਚ-ਸੋਚ ਕੇ ਬੋਲਿਆ, "ਕਰਤਾਰ ਸਿਆਂ, ਮੈਨੂੰ ਤਾਂ ਅੱਜ ਪਤਾ ਲਗਿਐ ਕਿ ਤੂੰ ਡਰਪੋਕ ਆਦਮੀ ਐਂ। ਮੈਂ ਤਾਂ ਤੈਨੂੰ ਹੁਣ ਤੱਕ ਬਹੁਤ ਸਿਆਣਾ ਅਤੇ ਬਹਾਦਰ ਇਨਸਾਨ ਸਮਝਦਾ ਰਿਹਾਂ। ਤੇਰੇ ਵਿੱਚ ਤਾਂ ਆਦਮੀਆਂ ਵਾਲੀ ਕੋਈ ਗੱਲ ਈ ਨੀਂ। ਜੇ ਤੂੰ ਮਰਨਾ ਹੀ ਹੈ ਫਿਰ ਉੱਠਕੇ ਇੱਥੋਂ ਚਲਿਆ ਜਾਹ। ਜੋ ਮਰਜ਼ੀ ਹੈ ਕਰ ਲੈ। ਮੇਰਾ ਤੇਰੇ ਨਾਲ ਕੋਈ ਲੈਣਾ ਦੇਣਾ ਨਹੀਂ ਹੈ ਅੱਜ ਤੋਂ ਬਾਅਦ।"

[illegible] ਸਿੰਘ ਗੁੱਸੇ ਵਿਚ ਆ ਕੇ ਉੱਠਣ ਲਗਿਆ ਤਾਂ ਅਮਰ ਸਿੰਘ ਨੇ ਉਸ ਦੀ ਬਾਂਹ ਨੂੰ ਝਟਕਾ ਦੇ ਕੇ ਫੇਰ ਉਸਨੂੰ ਕੁਰਸੀ ਤੇ ਬਿਠਾਇਆ।

"ਕਰਤਾਰ, ਤੂੰ ਵੱਡਾ ਆਦਮੀ ਹੈਂ, ਅਮੀਰ ਬੰਦਾ ।ਆਪਣੇ ਆਪਨੂੰ ਪਛਾਣ। ਆਪਣੀ ਜ਼ਾਤ ਨੂੰ ਪਛਾਣ। ਸ਼ੇਰ ਦਾ ਪੁੱਤ ਹੋ ਕੇ ਗਿੱਦੜਾਂ ਵਰਗੀਆਂ ਹਰਕਤਾਂ ਕਰਨ ਲਗ ਗਿਐਂ । ਸ਼ਰਮ ਕਰ ਜ਼ਰਾ। ਦਿਲ ਰੱਖ ।ਆਸ ਰੱਖ ।ਤੇਰਾ ਕੁੱਝ ਨਹੀਂ ਵਿਗੜਿਆ ਹਾਲੇ। ਯਕੀਨ ਰੱਖ ਮੇਰੇ ਤੇ। ਮੈਂ ਤੈਨੂੰ ਨੀਵਾਂ ਨਹੀਓਂ ਹੋਣ ਦਿਆਂਗਾ। ਮੇਰੇ ਕੋਲ ਆ ਜਾ। ਦੋ ਕਮਰੇ ਵਿਹਲੇ ਪਏ ਨੇ।" ਅਮਰ ਸਿੰਘ ਹਰ ਹਾਲਤ ਵਿਚ ਆਪਣੇ ਦੋਸਤ ਨੂੰ ਹੌਂਸਲਾ ਦੇ ਕੇ ਮੁੜ ਉਸਨੂੰ ਪੈਰਾਂ ਤੇ ਖੜ੍ਹਾ ਕਰਨਾ ਚਾਹੁੰਦਾ ਸੀ।

"ਅਮਰ ਸਿਆਂ, ਕਿੰਨਾ ਕੁ ਵਕਤ ਮੈਂ ਤੇਰੇ ਨਾਲ ਰਹਿ ਸਕਦਾਂ ?"

"ਚਾਹੇ ਸਾਰੀ ਉਮਰ ਰਹਿ ਲੈ। ਤੂੰ ਮੇਰਾ ਦਿਲੀ ਯਾਰ ਐਂ। ਜਿੱਥੇ ਮਰਜ਼ੀ ਵਰਤ ਲਈਂ। ਤੇਰੇ ਨਾਲ ਖੜ੍ਹਾਂਗਾ। ਦੱਸ ਤੈਨੂੰ ਹੋਰ ਕੀ ਚਾਹੀਦੈ ? ਆਪਣਾ ਸਿਰ ਵੱਢਕੇ ਦੇ ਦਿਆਂ ਜੇ ਤੈਨੂੰ ਹਾਲੇ ਵੀ ਮੇਰੇ'ਤੇ ਭਰੋਸਾ ਨਹੀਂ।" ਅਮਰ ਸਿੰਘ ਨੇ ਅਸਲੀ ਗੱਲ ਕਹਿਕੇ ਆਪਣੇ ਦੋਸਤ ਨੂੰ ਤਾੜਨਾ ਵੀ ਕਰ ਦਿੱਤੀ।

ਕਰਤਾਰ ਨੂੰ ਥੋੜ੍ਹਾ ਸੰਭਲਦਾ ਵੇਖਕੇ ਅਮਰ ਸਿੰਘ ਫਿਰ ਬੋਲਿਆ, "ਮੈਂ ਤਾਂ ਸੁਣਿਆ ਸੀ ਕਿ ਤੂੰ ਇੰਡੀਆ ਆਪਣੇ ਭਰਾਵਾਂ ਨਾਲ ਵੰਡ-ਵੰਡਾਈ ਕਰਨ ਗਿਆ ਸੀ। ਉਸ ਦਾ ਕੀ ਬਣਿਆ ?"

"ਗਿਆ ਕਿੱਥੇ ਸੀ ? ਮੱਲੋ-ਮੱਲੀ ਭੇਜਿਆ ਸੀ ਉਨ੍ਹਾਂ ਸਾਰਿਆਂ ਨੇ ਰਲਕੇ।"

"ਗਿਆ ਤਾਂ ਸੀ ਨਾ। ਫੇਰ ਵੰਡ-ਵੰਡਾਈ ਹੋ ਗਈ।"

"ਓਹੀ ਤਾਂ ਮੈਂ ਕਰ ਨਹੀਂ ਸਕਿਆ।"


"ਕਿਉਂ।"

"ਮੇਰੀ ਕਹਾਣੀ ਸੁਣ ਲੈ ਫੇਰ ਇਸ ਕਿਉਂ ਦਾ ਜੁਆਬ ਵੀ ਤੈਨੂੰ ਮਿਲ ਜਾਵੇਗਾ।"

"ਕਰਤਾਰ ਸਿਆਂ, ਤੂੰ ਆਪਣੀ ਕਹਾਣੀ ਸੁਣਾ ਮੈ ਪੂਰੇ ਧਿਆਨ ਨਾਲ ਸੁਣਾਂਗਾ।" ( **ਚਲਦਾ**.........)

## ਨਿਦਾ ਫਾਜ਼ਿਲੀ (ਗੈਰ-ਹਾਜ਼ਰ ਕਮਲ)

## (1938-2016)



ਇਨਸਾਨ ਮੇਂ ਹੈਵਾਨ, ਯਹਾਂ ਭੀ ਹੈਂ ਵਹਾਂ ਭੀ,
ਅੱਲਾਹ ਨਿਗਹਬਾਨ, ਯਹਾਂ ਭੀ ਹੈਂ ਵਹਾਂ ਭੀ।
ਖੂੰਖਾਰ ਦਰਿੰਦੋਂ ਕੇ ਫ਼ਕਤ ਨਾਮ ਅਲਗ ਹੈਂ,
ਹਰ ਸ਼ਹਿਰ ਬਿਯਾਬਾਨ, ਯਹਾਂ ਭੀ ਹੈਂ ਵਹਾਂ ਭੀ।
ਹਿੰਦੂ ਭੀ ਸੁਕੂੰ ਸੇ ਹੈ, ਮੁਸਲਮਾਂ ਭੀ ਸੁਕੂੰ ਸੇ,
ਇਨਸਾਨ ਪਰੇਸ਼ਾਨ, ਯਹਾਂ ਭੀ ਹੈਂ ਵਹਾਂ ਭੀ।
ਰਹਿਮਾਨ ਕੀ ਰਹਮਤ ਹੋ, ਕਿ ਭਗਵਾਨ ਕੀ ਮੂਰਤ,
ਹਰ ਖੇਲ ਕਾ ਮੈਦਾਨ, ਯਹਾਂ ਭੀ ਹੈਂ ਵਹਾਂ ਭੀ।
ਨਾਰੋਂ ਕਾ ਸੁਕੂੰ, ਵਾਦੋ ਕਾ ਘਰ, ਖਾਬੋਂ ਕੀ ਖੁਸ਼ੀਆਂ,
ਬਾਜ਼ਾਰ ਮੇਂ ਸਾਮਾਨ, ਯਹਾਂ ਭੀ ਹੈਂ ਵਹਾਂ ਭੀ।
ਉਠਤਾ ਹੈ ਦਿਲ-ਓ-ਜਾਂ ਸੇ ਧੂਆਂ ਦੋਨੋਂ ਤਰਫ ਹੀ,
ਯੇ 'ਮੀਰ' ਕਾ ਦੀਵਾਨ, ਯਹਾਂ ਭੀ ਹੈ ਵਹਾਂ ਭੀ।

ਨੋਟ – (ਨਿਗਹਬਾਨ–ਰੱਖਿਅਕ, ਦਰਿੰਦੇ–ਫਾੜਕੇ ਖਾ ਜਾਣ ਵਾਲੇ ਜੰਗਲੀ ਜਾਨਵਰ ਰੂਪੀ ਮਨੁੱਖ, ਬਿਯਾਬਾਨ–ਉਜਾੜ, ਸੁਕੂੰ–ਸ਼ਾਂਤੀ, ਰਹਿਮਾਨ–ਰਹਿਮ ਕਰਨ ਵਾਲਾ ਅਰਥਾਤ ਰੱਬ, ਰਹਮਤ–ਕ੍ਰਿਪਾ, 'ਮੀਰ'– 1722–1810

# 'ਗੁਰਦਵਾਰਾ ਸ਼੍ਰੋਮਣੀ ਪ੍ਰਬੰਧਕ ਕਮੇਟੀ ਦੀ ਚੋਣ'

**ਗੁਰਨਾਮ ਸਿੰਘ ਭੱਟੀ (ਯੂ ਕੇ)**

ਸਿੱਖਾਂ ਦੀ ਸਿਰਮੌਰ ਸੰਸਥਾ ਜਾਂ ਮਿਨੀ ਪਾਰਲੀਮੈਂਟ ਦੀਆਂ ਸੰਨ 2024 ਵਿੱਚ ਚੋਣਾਂ ਪਿੱਛੋਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਦਾ ਐਲਾਨ ਹੋ ਚੁੱਕਾ ਹੈ ।ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਪਿਛਲੀ ਚੋਣ 1925 ਦੇ ਵਿਸ਼ੇਸ਼ ਐਕਟ ਅਧੀਨ 2011 ਵਿੱਚ ਹੋਈ ਸੀ ।ਇਸ ਐਕਟ ਅਧੀਨ ਕਮੇਟੀ ਦੀ ਚੋਣ ਹਰ ਪੰਜ ਸਾਲ ਬਾਅਦ ਹੋਣੀ ਚਾਹੀਦੀ ਹੈ ਪਰ ਸਰਕਾਰਾਂ ਐਕਟ ਦੀ ਦੁਰਵਰਤੋਂ ਕਰਕੇ ਕਦੇ 17 ਸਾਲ,11 ਸਾਲ, 13 ਸਾਲ ਅਤੇ 7 ਸਾਲ ਜਾਂ ਮਨਮਰਜ਼ੀ ਨਾਲ ਕਰਵਾਉਣਾ ਪਸੰਦ ਕਰਦੀਆਂ ਹਨ ਅਤੇ ਇਹ ਕਬਜਾ ਬਰਕਰਾਰ ਰੱਖਣਾ ਆਪਣੀਆਂ ਸ਼ਾਨ ਸਮਝ੍ਹਦੀਆਂ ਹਨ ।ਦੁੱਖ ਦੀ ਗੱਲ ਹੈ ਕਿ ਚਾਪਲੂਸ ਮੋਹਰੀ ਸਿੱਖਾਂ ਨੇ ਇਸ ਐਕਟ ਨੂੰ ਜਿਉਂ ਦਾ ਤਿਉਂ ਸਵੀਕਾਰ ਕਰੀ ਰੱਖਿਆ ਹੈ।

ਅੰਗਰੇਜ਼ ਸਰਕਾਰ ਨੇ ਖ਼ਾਲਸਾ ਰਾਜ ਨੂੰ ਮਤਲਬ ਖੋਰੇ ਸਿੱਖਾਂ ਦੀ ਸਹਾਇਤਾ ਨਾਲ ਖਤਮ ਕਰ ਦਿੱਤਾ ਪਰ ਸਿੱਖ ਸਿਧਾਂਤਾਂ ਨੂੰ ਖਤਮ ਕਰਨਾ ਚਾਹੁੰਦੇ ਹੋਏ ਵੀ ਖਤਮ ਨਾ ਕਰ ਸਕੇ ਜਿਸ ਨੂੰ ਗੁਰੂ ਸਾਹਿਬਾਨਾਂ ਦੀ ਬਖਸ਼ਿਸ਼ ਹੀ ਮੰਨਿਆਂ ਜਾ ਸਕਦਾ ਹੈ ।ਸਿੱਖਾਂ ਨਾਲ 'ਸਿੱਖ ਐਂਗਲੋ ਲੜਾਈਆਂ' ਅੰਗਰੇਜ਼ਾਂ ਲਈ ਨਾ ਭੁੱਲਣ ਵਾਲੀਆਂ ਲੜਾਈਆਂ ਹਨ ।ਗਦਾਰ ਲੀਡਰਾਂ ਦੀ ਗਦਾਰੀ ਸਦਕਾ ਸਿੱਖ ਇਹ ਲੜਾਈਆਂ ਜਿੱਤਕੇ ਵੀ ਹਾਰ ਗਏ ਪਰ ਸਿੱਖ ਆਪਣਾ ਰਾਜ ਗੁਆਕੇ ਵੀ ਅੰਗਰੇਜ਼ਾਂ ਲਈ ਚੁਣੌਤੀ ਬਣੇ ਰਹੇ ।ਬਾਬਾ ਰਾਮ ਸਿੰਘ ਜੀ ਦੀ 'ਕੂਕਾ ਲਹਿਰ', 'ਕਾਮਾਗਾਟਾ ਮਾਰੂ ਲਹਿਰ', 'ਬੱਬਰ ਅਕਾਲੀ ਲਹਿਰ', 'ਸ.ਕਰਤਾਰ ਸਿੰਘ ਸਰਾਭਾ', 'ਸ. ਭਗਤ ਸਿੰਘ ਸ਼ਹੀਦੇ ਆਜ਼ਮ' ਅਤੇ ਹੋਰ ਅਣਖ਼ੀ ਸਿੰਘਾਂ ਦੀਆਂ ਕੁਰਬਾਨੀਆਂ ਨੇ ਅੰਗਰੇਜ਼ਾਂ ਦੀ ਨੀਂਦ ਉਡਾ ਦਿੱਤੀ ਸੀ ।ਸਿੱਖਾਂ ਨੂੰ ਧਾਰਮਿਕ ਪੱਖੋਂ ਕਮਜ਼ੋਰ ਕਰਨ ਲਈ ਦੂਜੇ ਧਰਮਾਂ ਦੇ ਪ੍ਰਚਾਰਕਾਂ ਨੇ ਬਹੁਤ ਜ਼ੋਰ ਲਾਇਆ ਪਰ ਸਿੱਖ ਸਿਧਾਂਤ ਸਰਬੋਤਮ ਹੋਣ ਕਰਕੇ ਅਤੇ ਗੁਰੂ ਸਾਹਿਬਾਨਾਂ ਦੀ ਮਿਹਰ ਸਦਕਾ ਇਸਦਾ ਕੋਈ ਵਾਲ ਵਿੰਗਾ ਨਹੀਂ ਕਰ ਸਕਿਆ ਅਤੇ ਨਾ ਹੀਂ ਕੋਈ ਕਰ ਸਕੇਗਾ ।ਇਨਾਂ ਸਾਰੇ ਸਾਜਿਸ਼ਘਾੜਿਆਂ ਨੂੰ ਸਬਕ ਸਿਖਾਉਣ ਵਾਸਤੇ ਸ. ਠਾਕਰ ਸਿੰਘ ਸੰਧਾਵਾਲੀਆ,ਗਿਆਨੀ ਦਿੱਤ ਸਿੰਘ, ਪ੍ਰੋ. ਗੁਰਮੁਖ ਸਿੰਘ, ਭਾਈ ਜਵਾਹਰ ਸਿੰਘ ਅਤੇ ਹੋਰਾਂ ਨੇ 'ਸਿੰਘ ਸਭਾ' ਲਹਿਰ ਦੀ ਸਥਾਪਨਾ ਕੀਤੀ ਜਿਸ ਵਿੱਚ ਗਿਆਨੀ ਦਿੱਤ ਸਿੰਘ ਜੀ ਦੀ ਅਹਿਮ ਭੂਮਿਕਾ ਰਹੀ ਜਿਸਨੂੰ ਅੱਜ ਦਾ ਸਿੱਖ ਵਰਗ ਉਤਨੀ ਮਹੱਤਤਾ ਨਹੀਂ ਦੇ ਰਿਹਾ ਜਿਤਨੀ ਦੇ ਉਹ ਹੱਕਦਾਰ ਹਨ ਜੋ ਕਿ ਸਿੱਖ ਕੌਮ ਦੀ ਹਮੇਸ਼ਾਂ ਤ੍ਰਾਸਦੀ ਰਹੀ ਹੈ ਜਾਂ ਫਿਰ ਇਹ ਹੁਣ ਤੱਕ ਮਨੂਵਾਦੀ ਸੋਚ ਤੋਂ ਛੁਟਕਾਰਾ ਨਹੀਂ ਪਾ ਸਕੀ।

ਸੰਨ 1920 ਵਿੱਚ ਸਿੰਘ ਸਭਾ ਲਹਿਰ ਨੇ ਆਪਣਾ ਕਾਰਜ ਖੇਤਰ ਵਧਾਕੇ ਗੁਰਦੁਵਾਰਾ ਸੁਧਾਰ ਲਹਿਰ ਦੀ ਸਥਾਪਨਾ ਕਰ ਲਈ ਜਿਸਦਾ ਮੁੱਖ ਉਦੇਸ਼ ਇਤਹਾਸਿਕ ਗੁਰਦਵਾਰਿਆਂ ਨੂੰ ਮਹੰਤਾਂ ਦੇ ਕਬਜ਼ਿਆ ਤੋਂ ਅਜ਼ਾਦ ਕਰਵਾਉਣਾ ਸੀ ਕਿਉਂਕਿ ਆਚਰਣਹੀਣ ਮਹੰਤ ਗੁਰਦਵਾਰਾ ਸਾਹਿਬਾਨਾਂ ਦੇ ਪੈਸੇ ਅਤੇ ਜਾਇਦਾਤਾਂ ਦੀ ਦੁਰਵਰਤੋਂ ਕਰ ਰਹੇ ਸਨ ।ਸਿੰਘ ਸਭਾ ਨੇ 15 ਨਵੰਬਰ 1920 ਨੂੰ ਆਕਾਲ ਬੁੰਗੇ ਵਿਖੇ ਮੀਟਿੰਗ ਸੱਦਕੇ 'ਸ਼੍ਰੋਮਣੀ ਪ੍ਰਬੰਧਕ ਕਮੇਟੀ ਦੀ ਸਥਾਪਨਾ ਕਰ ਦਿੱਤੀ ਜਿਸਦੇ 175 ਮੈਂਬਰ ਨਾਮਜੱਦ ਕੀਤੇ ਗਏ ਅਤੇ ਇਸਨੇ ਗੁਰਦਵਾਰਿਆਂ ਦੀ ਆਜ਼ਾਦੀ ਲਈ ਸੰਘਰਸ਼ ਸ਼ੁਰੂ ਕਰ ਦਿੱਤਾ ।ਸਿੱਟੇ ਵਜੋਂ 20 ਫਰਵਰੀ 1921 ਨੂੰ ਨਨਕਾਣਾ ਸਾਹਿਬ ਦਾ ਸਾਕਾ, 7 ਦਸੰਬਰ 1921 ਨੂੰ ਦਰਬਾਰ ਸਾਹਿਬ ਦੀਆਂ ਚਾਬੀਆਂ ਦਾ ਮੋਰਚਾ, 9 ਅਗੱਸਤ 1922 ਨੂੰ ਗੁਰੂ ਕਾ ਬਾਗ ਮੋਰਚਾ ਅਤੇ 30 ਮਾਰਚ 1922 ਨੂੰ ਪੰਜਾ ਸਾਹਿਬ ਸਾਕਾ ਮੋਰਚੇ ਲਾਏ ਗਏ ਜਿਸ ਸਦਕਾ ਸਿੱਖਾਂ ਨੇ ਜ਼ੁਲਮ ਤਾਂ ਸਹਿਣ ਕਰ ਲਏ ਪਰ ਸਿਦਕ ਨਹੀਂ ਹਾਰਿਆ ਅਤੇ ਜ਼ਾਲਮਾਂ ਨੂੰ ਨਮੋਸ਼ੀ ਦਾ ਮੂੰਹ ਦੇਖਣਾ ਪਿਆ ।ਇਸ ਤਰ੍ਹਾਂ ਕਮੇਟੀ ਨੇ 244 ਤੋਂ ਵੱਧ ਇਤਹਾਸਿਕ ਗੁਰਦਵਾਰੇ ਆਪਣੇ ਅਧਿਕਾਰ ਖੇਤਰ ਵਿੱਚ ਲੈ ਲਏ। ਸਿੱਖਾਂ ਦੀਆਂ ਜਿੱਤਾਂ ਅਤੇ ਪ੍ਰਾਪਤੀਆਂ ਤੋਂ ਘਬਰਾਕੇ ਅੰਗਰੇਜ਼ ਸਰਕਾਰ ਨੇ ਆਪਣੇ ਹਿਤਾਂ ਦੀ ਪੂਰਤੀ ਲਈ 'ਗੁਰਦਵਾਰਾ ਐਕਟ 1925' ਪਾਸ ਕਰ ਦਿੱਤਾ। ਸਿੱਟੇ ਵਜੋਂ ਇਤਹਾਸਿਕ ਗੁਰਦਵਾਰੇ ਤਾਂ 'ਸ਼੍ਰੋਮਣੀ ਕਮੇਟੀ ਦੇ ਅਧੀਨ ਆ ਗਏ ਪਰ ਕਮੇਟੀ ਦੀ ਚੋਣ ਸਰਕਾਰੀ ਦੇਖ ਰੇਖ ਹੇਠ ਆ ਗਈ ਜਿਸਦੀ ਸਹਿਮਤੀ ਸਰਕਾਰੀ ਪਿੱਠੂ ਸੁੰਦਰ ਸਿੰਘ ਮਜੀਠੀਆ, ਮਹਾਰਾਜਾ ਪਟਿਆਲਾ ਭੂਪਿੰਦਰ ਸਿੰਘ ਅਤੇ ਸਰ ਜੋਗਿੰਦਰ ਸਿੰਘ ਮਾਨ ਨੇ ਦੇ ਦਿੱਤੀ ਜਿਸਨੂੰ ਸਿੱਖ ਲੀਡਰਾਂ ਨੇ ਹੁਣ ਤੱਕ ਅਣਗੌਲਿਆ ਰਹਿਣ ਦਿੱਤਾ। ਇਸੇ ਲਈ 1925 ਤੋਂ ਲੈਕੇ ਹੁਣ ਤੱਕ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਐਕਟ ਅਨੁਸਾਰ ਨਹੀਂ ਹੋਈਆਂ ਜਿਹੜੀਆਂ ਕਿ ਹਰ ਪੰਜ ਸਾਲ ਬਾਅਦ ਹੋਣੀਆਂ ਚਾਹੀਦੀਆਂ ਹਨ ।ਇਸਦਾ ਨਤੀਜਾ ਇਹੀ ਕੱਢ੍ਹਿਆ ਜਾ ਸਕਦਾ ਹੈ ਕਿ ਸਰਕਾਰ ਸ਼ਰੋਮਣੀ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਉਸ ਸਮੇਂ ਹੀ ਕਰਵਾਏਗੀ ਜਦੋਂ ਉਸਨੂੰ ਜਿੱਤਣ ਦੀ ਆਸ ਹੋਵੇ ।ਇਸ ਲਈ ਇਹ ਕਹਿਣਾ ਵੀ ਅਯੋਗ ਨਹੀਂ ਕਿ 1925 ਦਾ ਐਕਟ ਸਿੱਖ ਕੌਮ ਦੇ ਗਲ ਵਿੱਚ ਇੱਕ ਮਰਿਆ ਸੱਪ ਪਾਇਆ ਹੋਇਆ ਹੈ ਜਿਸ ਤੋਂ ਛੁਟਕਾਰਾ ਪਾਉਣ ਲਈ ਸਿੱਖ ਕੌਮ ਨੇ ਕੋਈ ਉਸਾਰੂ ਉਪਰਾਲਾ ਨਹੀਂ ਕੀਤਾ ਸਗੋਂ ਇਸਨੂੰ ਸਵੀਕਾਰ ਕਰੀ ਬੈਠੇ ਹਨ ਜਦੋਂ ਕਿ ਸ਼੍ਰੋਮਣੀ ਕਮੇਟੀ ਉੱਪਰ ਪੰਥ ਹਿਤੈਸ਼ੀਆਂ ਦਾ ਕਬਜ਼ਾ ਹੋਣਾ ਚਾਹੀਦਾ ਹੈ ਨਾ ਕਿ ਸਰਕਾਰੀ ਧਿਰਾਂ ਦਾ ।ਇਸਦੇ ਸਬੰਧ ਵਿੱਚ ਸ਼੍ਰੋਮਣੀ ਕਮੇਟੀ ਨੂੰ ਚਾਹੀਦਾ ਹੈ ਕਿ ਉਹ ਸ਼੍ਰੋਮਣੀ ਕਮੇਟੀ ਦਾ ਵਿਸ਼ੇਸ਼ ਇਜਲਾਸ ਸੱਦਕੇ ਐਕਟ 1925 ਨੂੰ ਰੱਦ ਕਰਨ ਦਾ ਬਹੁਸੰਤੀ ਨਾਲ ਮਤਾ ਪਾਸ ਕਰਕੇ ਦੇਸ਼ ਦੇ ਗ੍ਰਿਹ ਮੰਤਰੀ ਅਤੇ ਰਾਸ਼ਟਰਪਤੀ ਤੋਂ ਪ੍ਰਵਾਨਗੀ ਲੈਣ ਲਈ ਬੇਨਤੀ ਕਰੇ ਕਿਉਂਕਿ ਦੇਸ਼ ਵਿਚਲੀਆਂ ਹੋਰ ਸਾਰੀਆਂ ਧਾਰਮਿਕ ਸੰਸਥਾਵਾਂ ਦੀਆਂ ਪ੍ਰਬੰਧਕੀ ਚੋਣਾਂ ਵਿੱਚ ਸਰਕਾਰ ਦੀ ਕੋਈ ਕਿਸੇ ਕਿਸਮ ਦੀ ਦਖ਼ਲ ਅੰਦਾਜ਼ੀ ਨਹੀਂ ਹੁੰਦੀ ਪਰ ਸਿੱਖ ਧਾਰਮਿਕ ਸੰਸਥਾ ਦੀ ਚੋਣ ਵਿੱਚ ਸਰਕਾਰੀ ਦਖ਼ਲ ਅੰਦਾਜ਼ੀ ਕਿਉਂ ?

# ਮੇਰੀ ਕਹਾਣੀ

## ਕਿਸ਼ਤ 249

ਗੁਰਮੇਲ ਸਿੰਘ ਭੰਵਰਾ



ਸਵੇਰੇ ਚਾਰ ਵਜੇ ਉੱਠ ਕੇ ਅਸੀਂ ਨ੍ਹਾ ਧੋ ਕੇ ਕਪੜੇ ਪਾ ਲਏ। ਜਸਵੰਤ ਅਤੇ ਗਿਆਨੋਂ ਭੈਣ ਸਾਡੇ ਕਮਰੇ ਵਿਚ ਆ ਗਏ। ਕੁਲਵੰਤ ਨੇ ਚਾਹ ਬਣਾਈ ਅਤੇ ਸਾਰਿਆਂ ਨੇ ਮਜ਼ੇ ਨਾਲ ਪੀਤੀ। ਕਮਰੇ ਨੂੰ ਤਾਲ੍ਹਾ ਲਾ ਕੇ ਥੱਲੇ ਦੀ ਫਲੋਰ ਤੇ ਆ ਗਏ ਅਤੇ ਕੋਚ ਸਟੌਪ ਵਲ ਨੂੰ ਰਵਾਨਾ ਹੋ ਗਏ। ਅਜੇ ਪਹੁ ਫਟਾਲ੍ਹਾ ਹੀ ਸੀ ਅਤੇ ਕੁਛ ਕੁਛ ਠੰਡ ਲੱਗ ਰਹੀ ਸੀ। ਪੰਦਰਾਂ ਕੁ ਮਿੰਟ ਹੀ ਸਾਨੂੰ ਤੁਰਨਾ ਪਿਆ, ਸਾਡੇ ਜਾਂਦਿਆਂ ਨੂੰ ਕਾਫੀ ਯਾਤਰੀ ਖੜ੍ਹੇ ਸਨ ਜੋ ਸਾਰੇ ਗੋਰੇ ਹੀ ਸਨ ਜਿਹਨਾਂ ਵਿਚ ਕਾਫੀ ਬਜ਼ੁਰਗ ਪੈਨਸ਼ਨਰ ਭੀ ਸਨ। ਇੱਕ ਬਜ਼ੁਰਗ ਔਰਤ ਵੀਲ੍ਹ ਚੇਅਰ ਵਿਚ ਬੈਠੀ ਸੀ ਜਿਸ ਦੇ ਨਾਲ ਉਸ ਦਾ ਪਤੀ ਖੜ੍ਹਾ ਸੀ। ਗੋਰੇ ਲੋਕਾਂ ਦੀ ਇੱਕ ਸਿਫਤ ਹੈ ਕਿ ਇਹ ਜ਼ਿੰਦਗੀ ਦੇ ਆਖਰੀ ਸਮੇ ਤਕ ਹੌਲੀਡੇ ਦਾ ਮਜ਼ਾ ਲੈਂਦੇ ਹਨ। ਇਸ ਦਾ ਇੱਕ ਕਾਰਨ ਤਾਂ ਇਹ ਹੈ ਕਿ ਪੱਛਮੀ ਦੇਸ਼ਾਂ ਦੀ ਆਰਥਿਕ ਅਵਸਥਾ ਬਹੁਤ ਬੇਹਤਰ ਹੈ ਅਤੇ ਬੁਢਾਪੇ ਵਿਚ ਬਕਾਇਦਾ ਪੈਨਸ਼ਨ ਮਿਲਣ ਲੱਗ ਜਾਂਦੀ ਹੈ। ਇਹ ਪੈਨਸ਼ਨ ਇਹ ਖੁਦ ਤੇ ਹੀ ਖਰਚ ਕਰਦੇ ਹਨ। ਇਹਨਾਂ ਦੇ ਬੱਚੇ ਖੁਦ ਕਮਾਈ ਕਰਕੇ ਆਪਣੀ ਜ਼ਿੰਦਗੀ ਵਾਰੇ ਪਲੈਨ ਬਣਾਉਂਦੇ ਹਨ। ਸਕੂਲ ਕਾਲਜ ਦੀ ਪੜ੍ਹਾਈ ਖਤਮ ਕਰਕੇ ਜਦੋਂ ਉਹ ਕਮਾਈ ਕਰਨ ਲੱਗਦੇ ਹਨ ਤਾਂ ਆਪਣਾ ਮਕਾਨ ਲੈਣ ਦੀ ਕੋਸ਼ਿਸ਼ ਕਰਦੇ ਹਨ ਪਰ ਜਦ ਤਕ ਉਹ ਮਾਂ ਪਿਓ ਦਾ ਘਰ ਨਹੀਂ ਛੱਡਦੇ, ਉਹ ਬਕਾਇਦਾ ਮਾਂ ਪਿਓ ਨੂੰ ਖਰਚ ਦਿੰਦੇ ਹਨ। ਆਪਣੀ ਆਪਣੀ ਆਰਥਿਕ ਸਥਿਤੀ ਅਨੁਸਾਰ ਗੋਰੇ ਹਰ ਸਾਲ ਹੌਲੀਡੇ ਜਾਂਦੇ ਰਹਿੰਦੇ ਹਨ। ਜਿਨ੍ਹਾਂ ਕੋਲ ਪੈਸੇ ਬਹੁਤ ਹਨ, ਉਹ ਸਮੁੰਦਰੀ ਜਹਾਜ਼ਾਂ ਰਾਹੀਂ ਕਰੂਜ਼ ਹੌਲੀਡੇ ਦਾ ਆਨੰਦ ਮਾਣਦੇ ਹਨ ਅਤੇ ਦੁਨੀਆਂ ਦੇ ਬਹੁਤ ਦੇਸ਼ਾਂ ਦਾ ਭ੍ਰਮਣ ਕਰਦੇ ਹਨ। ਜਦੋਂ ਅਸੀਂ ਇੰਗਲੈਂਡ ਆਏ ਸੀ ਤਾਂ ਸਾਨੂੰ ਪਤਾ ਹੀ ਨਹੀਂ ਸੀ ਕਿ ਇਹ ਗੋਰੇ ਕੀ ਕਰਨ ਜਾਂਦੇ ਹਨ। ਜਦੋਂ ਗੋਰੇ ਵਾਪਸ ਆ ਕੇ ਆਪਣੀ ਹੌਲੀਡੇ ਦੀਆਂ ਗੱਲਾਂ ਦੱਸਦੇ ਤਾਂ ਅਸੀਂ ਉਹਨਾਂ ਦੇ ਮੂੰਹ ਵਲ ਦੇਖਦੇ ਰਹਿੰਦੇ ਕਿਓਂਕਿ ਸਾਨੂੰ ਇਸ ਦਾ ਕੋਈ ਗਿਆਨ ਹੀ ਨਹੀਂ ਸੀ। ਜਦੋਂ ਇਥੇ ਜੰਮੇ ਪਲ੍ਹੇ ਸਾਡੇ ਬੱਚੇ ਭੀ ਹੌਲੀਡੇ ਜਾਣ ਲੱਗੇ ਤਾਂ ਸਾਨੂੰ ਸਮਝ ਆਉਣ ਲੱਗੀ ਅਤੇ ਫਿਰ ਟਾਵੇਂ ਟਾਵੇਂ ਲੋਕ ਬਾਹਰਲੇ ਦੇਸ਼ਾਂ ਦੀ ਯਾਤਰਾ ਕਰਨ ਲੱਗੇ ਜਿਹਨਾਂ ਵਿਚ ਪਹਿਲਾ ਸਥਾਨ ਗੋਆ ਸੀ। ਜਦ ਕੋਈ ਗੋਆ ਵਾਰੇ ਆ ਕੇ ਦੱਸਦਾ ਤਾਂ ਸਾਡੇ ਆਮ ਲੋਕਾਂ ਵਿਚ ਭੀ ਹੌਲੀਡੇ ਦੀ ਉਤਸੁਕਤਾ ਜਾਗਣ ਲੱਗੀ। ਪਹਿਲੇ ਆਏ ਲੋਕ ਜਦ ਰੀਟਾਇਰ ਹੋਣ ਲੱਗੇ ਤਾਂ ਜਦ ਤਕ ਆਰਥਿਕ ਹਾਲਤ ਭੀ ਅੱਛੀ ਹੋ ਗਈ ਸੀ। ਫਿਰ ਜਦ ਇਹ ਭੀ ਸਮਝ ਆ ਗਈ ਕਿ ਸਾਡੀ ਅਗਲੀ ਪੀੜ੍ਹੀ ਨੇ ਇੰਡੀਆ ਜਾ ਕੇ ਰਹਿਣਾ ਨਹੀਂ ਤਾਂ ਸਾਡੇ ਲੋਕਾਂ ਦੀ ਸੋਚ ਭੀ ਬਦਲਣ ਲੱਗੀ ਅਤੇ ਆਪਣੇ ਆਪਣੇ ਸ਼ਹਿਰਾਂ ਵਿਚ ਕਮੁਨਿਟੀ ਸੈਂਟਰ ਸਥਾਪਤ ਕਰਨ ਲੱਗੇ ਜਿਥੇ ਬਜ਼ੁਰਗ ਅਤੇ ਸਿਹਤ ਪਖੋਂ ਡਿਸੇਬਲ ਹੋਏ ਲੋਕ ਰਲ੍ਹ ਮਿਲ੍ਹ ਕੇ ਮਜ਼ੇ ਕਰਦੇ, ਆਪਣੇ ਦਿਨ ਤਿਓਹਾਰ ਮਨਾਉਣ ਲੱਗ ਪਏ ਅਤੇ ਸਿਹਤ ਸਬੰਧੀ ਮਾਹਰਾਂ ਨੂੰ ਉਥੇ ਬੁਲਾ ਕੇ ਉਹਨਾਂ ਨਾਲ ਸਲਾਹ ਮਸ਼ਵਰਾ ਕਰਦੇ ਅਤੇ ਦੂਰ ਦੁਰਾਡੇ ਇਤਹਾਸਿਕ ਅਸਥਾਨਾਂ ਨੂੰ ਦੇਖ ਦੇਖ ਅਨੰਦ ਮਾਨਣ ਲੱਗੇ।

ਹੌਲੀਡੇ ਵਾਰੇ ਸਾਡੇ ਲੋਕਾਂ ਦਾ ਇਸ ਨੂੰ ਅਨਗੌਲ੍ਹਿਆਂ ਕਰ ਦੇਣ ਦਾ ਇੱਕ ਕਾਰਨ ਹੋਰ ਭੀ ਸੀ, ਕਿ ਪਹਿਲਾਂ ਤਾਂ ਆਪਣੇ ਆਪਣੇ ਘਰ ਖਰੀਦੇ ਜਿਸ ਦੇ ਕਰਜ਼ੇ ਦੀਆਂ ਪੰਝੀ ਸਾਲ ਤਕ ਕਿਸ਼ਤਾਂ ਦੇਣੀਆਂ ਆਮ ਗੱਲ ਹੀ ਹੁੰਦੀ ਸੀ। ਫਿਰ ਸਾਡਾ ਸਮਾਜਿਕ ਢਾਂਚਾ ਐਸਾ ਹੈ ਕਿ ਅੱਗੇ ਚੱਲ ਕੇ ਇਥੇ ਪੈਦਾ ਹੋਏ ਬੱਚਿਆਂ ਦੀਆਂ ਸ਼ਾਦੀਆਂ ਕਰਨੀਆਂ ਸਨ। ਸ਼ਾਦੀਆਂ ਕਰਨਾ ਤਾਂ ਇੱਕ ਸ਼ੁਰੂਆਤ ਹੁੰਦੀ ਸੀ ਕਿਓਂਕਿ ਇਸ ਤੋਂ ਬਾਅਦ ਲੈਣ ਦੇਣ, ਵਿਆਹ ਸ਼ਾਦੀਆਂ ਦੇ ਰੀਤੀ ਰਿਵਾਜ਼ ਵਧਣ ਲੱਗੇ। ਫਿਰ ਦੁੱਖ ਦੀ ਗੱਲ ਇਹ ਭੀ ਸੀ ਕਿ ਸਾਡੇ ਆਮ ਲੋਕਾਂ ਦੀ ਸੋਚ ਅਜੇ ਉਹੋ ਹੀ ਸੀ ਜੋ ਇੰਡੀਆ ਤੋਂ ਤੁਰਨ ਵੇਲੇ ਸੀ। ਕੁਛ ਸਾਡੇ ਸਮਾਜਿਕ ਰੀਤੀ ਰਿਵਾਜ਼ ਹੀ ਐਸੇ ਹਨ ਕਿ ਜਿਵੇਂ ਰੇਸ਼ਮ ਦਾ ਕੀੜਾ ਆਪਣੇ ਦੁਆਲੇ ਜਾਲ੍ਹ ਬੁਣਦਾ ਬੁਣਦਾ ਆਖਿਰ ਵਿਚ ਇਸ ਜਾਲ੍ਹ ਵਿਚ ਹੀ ਮਰ ਜਾਂਦਾ ਹੈ, ਇਸੇ ਤਰਾਂ ਹਰ ਪ੍ਰੀਵਾਰ ਦੀ ਹਾਲਤ ਹੈ। ਇਸ ਨਾਲ ਸਾਡੇ ਲੋਕਾਂ ਨੇ ਤਾਂ ਦੁੱਖ ਝੇਲੇ ਹੀ ਝੇਲੇ ਪਰ ਇਥੇ ਦੇ ਜਮ ਪਲ੍ਹ ਬੱਚਿਆਂ ਨੂੰ ਭੀ ਇਸ ਦਾ ਸ਼ਿਕਾਰ ਹੋਣਾ ਪਿਆ। ਬਹੁਤ ਬੱਚੇ ਸਾਡੇ ਰੀਤੀ ਰਿਵਾਜ਼ਾਂ ਤੋਂ ਬਾਗੀ ਹੋਣ ਲੱਗੇ ਅਤੇ ਤਲਾਕ ਭੀ ਆਮ ਗੱਲ ਹੋ ਗਈ। ਹੁਣ ਸਾਡੇ ਲੋਕਾਂ ਨੇ ਭੀ ਬੱਚਿਆਂ ਅੱਗੇ ਆਖਿਰ ਵਿਚ ਹਥਿਆਰ ਸੁੱਟ ਦਿੱਤੇ ਅਤੇ ਇਹ ਕਹਿਣ ਤੇ ਮਜਬੂਰ ਹੋ ਗਏ ਕਿ ਚਾਹੇ ਉਹ ਗੋਰਿਆਂ ਨਾਲ ਕਰ ਲੈਣ ਜਾਂ ਕਿਸੇ ਭੀ ਹੋਰ ਜਾਤ ਵਿਚ ਪਰ ਅਫ਼ਰੀਕਨ ਲੋਕਾਂ ਨਾਲ ਨਾ ਕਰਾਉਣ ਪਰ ਬੱਚੇ ਅਫਰੀਕਣਾਂ ਨਾਲ ਭੀ ਕਰਵਾ ਰਹੇ ਹਨ।

ਸੋ ਹੁਣ ਸਾਡੇ ਪਾਸ ਭੀ ਕੋਈ ਚਾਰਾ ਨਹੀਂ ਰਹਿ ਗਿਆ ਸੀ ਸਿਵਾਏ ਇਸ ਦੇ ਕਿ ਹੁਣ ਜ਼ਿੰਦਗੀ ਦੇ ਆਖਰੀ ਦਿਨ ਸੌਖੇ ਬਤੀਤ ਕੀਤੇ ਜਾਣ। ਸਾਡੀ ਪੀੜ੍ਹੀ ਨੇ ਜੋ ਅੱਜ ਤਕ ਕੀਤਾ ਹੈ, ਅਗਾਂਹ ਦੀ ਪੀੜ੍ਹੀ ਨੂੰ ਇਸ ਦੀ ਕੋਈ ਸਮਝ ਹੀ ਨਹੀਂ ਹੈ ਅਤੇ ਨਾਂ ਹੀ ਉਹ ਇਸ ਤਰਾਂ ਦੇ ਫਜ਼ੂਲ ਖਰਚ ਕਰ ਸਕਦੇ ਹਨ। ਅਸੀਂ ਤਾਂ ਮਰਨ ਉਪਰੰਤ ਭੀ ਬਹੁਤ ਖਰਚ ਕਰ ਦਿੰਦੇ ਹਾਂ ਜਿਸ ਵਾਰੇ ਅਗਲੀ ਪੀੜ੍ਹੀ ਸੁਣਨ ਨੂੰ ਤਿਆਰ ਹੀ ਨਹੀਂ। ਅਗਲੀ ਪੀੜ੍ਹੀ ਤਾਂ ਇੰਨੀ ਕੋਰੀ ਹੈ ਕਿ ਜਦ ਉਹ ਆਪਣੇ ਬਚਿਆਂ ਦੇ ਬਰਥ ਡੇ ਲਈ ਦੋਸਤਾਂ ਨੂੰ ਕਿਸੇ ਹੋਟਲ ਵਿਚ ਇਨਵਾਈਟ ਕਰਦੇ ਹਨ ਤਾਂ ਮਹਿਮਾਨਾਂ ਨੂੰ ਆਪਣੇ ਡ੍ਰਿੰਕ ਕਾਊਂਟਰ ਤੋਂ ਆਪ ਖਰੀਦਣੇ ਪੈਂਦੇ ਹਨ ਅਤੇ ਜੇ ਕਿਤੇ ਦੂਰ ਜਾਣਾ ਪਵੇ ਤਾਂ ਰਾਤ ਕੱਟਣ ਲਈ ਖੁਦ ਹੋਟਲ ਵਿਚ ਕਮਰਾ ਬੁਕ ਕਰਾਉਣਾ ਪੈਂਦਾ ਹੈ ਜਿਥੇ ਸਾਡੀ ਪੀੜ੍ਹੀ ਘਰ ਵਿਚ ਹੀ ਫਲੋਰ ਤੇ ਬਿਸਤਰੇ ਲਗਾ ਦਿੰਦੀ ਸੀ ਅਤੇ ਸਾਰੇ ਗੱਲਾਂ ਮਾਰਦੇ ਹੱਸਦੇ ਹੋਏ ਸੌਂ ਜਾਂਦੇ ਸਨ।

ਗੱਲ ਕਰ ਰਿਹਾ ਸੀ, ਕੋਚ ਦੀ ਇੰਤਜ਼ਾਰ ਕਰ ਰਹੀ ਉਸ ਬਜ਼ੁਰਗ ਔਰਤ ਦੀ ਤਾਂ ਉਹ ਖੁਦ ਹੱਸ ਰਹੀ ਸੀ ਅਤੇ ਦੂਜਿਆਂ ਨੂੰ ਹਸਾ ਰਹੀ ਸੀ। ਇੱਕ ਗੱਲ ਇਹ ਭੀ ਹੈ ਕਿ ਇਹਨਾਂ ਦੇਸ਼ਾਂ ਵਿਚ ਵੀਲ੍ਹ ਚੇਅਰ ਵਿਚ ਬੈਠੇ ਬਜ਼ੁਰਗਾਂ ਦੀ ਮਦਦ ਲਈ ਹਰ ਕੋਈ ਤਿਆਰ ਹੋ ਜਾਂਦਾ ਹੈ। ਜਦੋਂ ਮੈਂ ਬੱਸਾਂ ਤੇ ਕੰਮ ਕਰਦਾ ਹੁੰਦਾ ਸੀ ਤਾਂ ਬਸ ਸਟੌਪ ਤੇ ਖੜ੍ਹੇ ਬਜ਼ੁਰਗ ਲੋਕਾਂ ਨੂੰ ਦੇਖ ਕੇ ਬਸ ਖੜ੍ਹੀ ਕਰਕੇ ਬਾਹਰ ਆ ਕੇ ਉਸ ਦੀ ਵੀਲ੍ਹ ਚੇਅਰ ਨੂੰ ਇਕਠੀ ਕਰਕੇ ਬਸ ਵਿਚ ਰਖ ਦਿੰਦਾ ਸੀ ਅਤੇ ਇਹ ਕੋਈ ਅਜੀਬ ਗਲ ਨਹੀਂ ਸੀ ਹੁੰਦੀ ਕਿਓਂਕਿ ਇਹ ਮਦਦ ਸਾਰੇ ਡਰਾਈਵਰ ਹੀ ਕਰ ਦਿੰਦੇ ਸਨ।

ਗੱਲਾਂ ਕਰਦੇ ਕਰਦੇ ਕੋਚ ਵਾਲਾ ਕੋਚ ਲੈ ਕੇ ਆ ਗਿਆ ਅਤੇ ਉੱਤਰ ਕੇ ਪਹਿਲਾਂ ਗੁਡ ਮੌਰਨਿੰਗ ਬੋਲਿਆ ਅਤੇ ਫਿਰ ਉਸ ਬਜ਼ੁਰਗ ਔਰਤ ਦੀ ਵੀਲ੍ਹ ਚੇਅਰ ਨੂੰ ਫੋਲਡ ਕਰਕੇ ਕੋਚ ਦੇ ਲਗੇਜ ਕਮਪਾਰਟਮੈਂ ਵਿਚ ਰੱਖਿਆ। ਕੋਚ ਡਰਾਈਵਰ ਦੇ ਨਾਲ ਇੱਕ ਉਸ ਦਾ ਸਹਾਇਕ ਭੀ ਸੀ ਜੋ ਸਾਡਾ ਗਾਈਡ ਸੀ, ਜਿਸ ਦੇ ਹੱਥ ਵਿਚ ਯਾਤਰੀਆਂ ਦੀ ਲਿਸਟ ਸੀ। ਵਾਰੀ ਵਾਰੀ ਉਹਨਾਂ ਨੇ ਸਾਰਿਆਂ ਨੂੰ ਕੋਚ ਵਿਚ ਬਿਠਾ ਕੇ ਲਿਸਟ ਚੈੱਕ ਕੀਤੀ ਅਤੇ ਠੀਕ ਹੋਣ ਤੇ ਡਰਾਈਵਰ ਨੇ ਕੋਚ ਦਾ ਦਰਵਾਜ਼ਾ ਬੰਦ ਕੀਤਾ ਅਤੇ ਸਾਡੀ ਯਾਤਰਾ ਸ਼ੁਰੂ ਹੋ ਗਈ। ਕੁਛ ਦੂਰ ਜਾ ਕੇ ਉਹ ਗਾਈਡ ਜੋ ਇੰਗਲਿਸ਼ ਬੋਲਦਾ ਸੀ,ਖੜ੍ਹਾ ਹੋ ਕੇ ਸਾਨੂੰ ਬੋਲਿਆ, " ਲੇਡੀਜ਼ ਐਂਡ ਜੈਂਟਲ ਮੈੱਨ, ਮੇਰਾ ਨਾਮ ਹੈ ਕ੍ਰਿਸਟੋਫਰ ਅਤੇ ਮੈਂ ਹਾਂ ਤੁਹਾਡਾ ਗਾਈਡ, ਮੈਂ ਤੁਹਾਨੂੰ ਬਹੁਤ ਕੁਛ ਦਿਖਾਂਵਾਂਗਾ, ਮੇਰੀ ਪੂਰੀ ਉਮੀਦ ਹੈ ਕਿ ਤੁਸੀ ਇਸ ਯਾਤਰਾ ਦਾ ਆਨੰਦ ਮਾਣੋਂਗੇ, ਇਹ ਭੀ ਮੈਂ ਦੱਸ ਦਿਆਂ ਕਿ ਜਦ ਅਸੀਂ ਲਿਜ਼ਬਨ ਤੋਂ ਵਾਪਸ ਆਵਾਂਗੇ ਤਾਂ ਰਾਤ ਦੇ ਇੱਕ ਦੋ ਵੱਜ ਜਾਣਗੇ ", ਇਸ ਤੋਂ ਬਾਅਦ ਉਹ ਡਰਾਈਵਰ ਦੇ ਕੋਲ ਖੜ੍ਹਾ ਹੋ ਕੇ ਉਸ ਨਾਲ ਪੁਰਤਗਾਲੀ ਭਾਸ਼ਾ ਵਿਚ ਗੱਲਾਂ ਕਰਨ ਲੱਗਾ। ਵੈਸੇ ਤਾਂ ਮੈਂ ਫਰਾਂਸ ਵਿਚ ਭੀ ਟਰੈਫਿਕ ਸੜਕ ਦੇ ਸੱਜੇ ਪਾਸੇ ਚਲਦੀ ਦੇਖੀ ਸੀ ਪਰ ਹੁਣ ਮੈਂ ਬਹੁਤ ਧਿਆਨ ਨਾਲ ਡਰਾਈਵਰ ਵਲ ਦੇਖਣ ਲੱਗਾ। ਉਂਝ ਭੀ ਅਜੇ ਮੂੰਹ ਹਨੇਰਾ ਹੋਣ ਕਰਕੇ ਸੜਕ ਤੇ ਇੰਨੀ ਟਰੈਫਿਕ ਨਹੀਂ ਸੀ। ਕੋਚ ਦੇ ਦੋਵੇਂ ਪਾਸੀਂ ਦੇਖਦੇ ਹੋਏ ਸਾਰੇ ਇਸ ਯਾਤਰਾ ਦਾ ਅਨੰਦ ਮਾਣ ਰਹੇ ਸਨ। ਜਦ ਕਦੇ ਕੋਚ ਕਿਸੇ ਆਈਲੈਂਡ ਤੇ ਆਉਂਦੀ ਤਾਂ ਮੈਂ ਇਸ ਨੂੰ ਬਹੁਤ ਧਿਆਨ ਨਾਲ ਦੇਖਦਾ ਕਿ ਡਰਾਈਵਰ ਕਿਸਤਰਾਂ ਚਲਾ ਰਿਹਾ ਸੀ। ਜਲਦੀ ਹੀ ਮੈਨੂੰ ਸਮਝ ਆ ਗਿਆ ਕਿ ਇਹ ਕੋਈ ਇੰਨਾ ਔਖਾ ਕੰਮ ਨਹੀਂ ਸੀ, ਸਿਰਫ ਪ੍ਰੈਕਟਿਸ ਦੀ ਹੀ ਲੋੜ ਸੀ।

ਪਹਿਲਾਂ ਪਹਿਲਾਂ ਇੰਗਲੈਂਡ ਵਿਚ ਟਰੈਫਿਕ ਖੱਬੇ ਪਾਸੇ ਚਲਣ ਕਾਰਨ ਈਯੂ ਦੇਸ਼ਾਂ ਤੋਂ ਟਰੱਕ ਡਰਾਈਵਰ ਜਦ ਇੰਗਲੈਂਡ ਆਉਂਦੇ ਸਨ ਤਾਂ ਇਥੇ ਉਲਟ ਟਰੈਫਿਕ ਨਿਯਮਾਂ ਕਰਕੇ ਬਹੁਤ ਡਰਾਈਵਰ ਭੁਲੇਖੇ ਦਾ ਸ਼ਿਕਾਰ ਹੋ ਕੇ ਐਕਸੀਡੈਂਟ ਦਾ ਸ਼ਿਕਾਰ ਹੋ ਜਾਂਦੇ ਸਨ। ਖੈਰ, ਕੋਚ ਚੱਲੀ ਜਾ ਰਹੀ ਸੀ। ਮੇਰਾ ਧਿਆਨ ਡਰਾਈਵਰ ਦੇ ਕੋਲ ਡੈਸ਼ ਬੋਰਡ ਤੇ ਰੱਖੇ ਇੱਕ ਲਕੜੀ ਦੇ ਟੁਕੜੇ ਤੇ ਸੀ ਜੋ ਕਸੇ ਦਰੱਖਤ ਦੀ ਛਿੱਲ ਲਗ ਰਹੀ ਸੀ। ਇਹ ਟੁਕੜਾ ਕੋਈ ਇੱਕ ਫੁੱਟ ਲੰਬਾ, ਪੰਜ ਛੇ ਇੰਚ ਚੌੜਾ ਤੇ ਕੋਈ ਇੱਕ ਇੰਚ ਮੋਟਾ ਸੀ। ਮਨੁੱਖੀ ਦਿਮਾਗ ਦੀ ਇੱਕ ਅਜੀਬ ਜਿਹੀ ਫਿਤਰਤ ਹੈ ਕਿ ਕਈ ਵਾਰੀ ਛੋਟੀ ਜਿਹੀ ਗੱਲ ਤੇ ਹੀ ਸਾਰਾ ਧਿਆਨ ਲਗਾ ਦਿੰਦਾ ਹੈ। ਮੈਂ ਸੋਚ ਰਿਹਾ ਸੀ ਕਿ ਕੀ ਇਹ ਲਕੜੀ ਪੁਰਤਗੇਜ਼ਾਂ ਦੀ ਕੋਈ ਵਹਿਮ ਭਰਮ ਵਾਲੀ ਚੀਜ਼ ਸੀ ! ਇਥੇ ਡਰਾਈਵਰ ਦੇ ਕੋਲ ਕਾਹਦੇ ਵਾਸਤੇ ਰੱਖੀ ਹੋਵੇਗੀ, ਇਸੇ ਉਧੇੜ ਬੁਣ ਵਿਚ ਮੈਂ ਉਦੋਂ ਦਾ ਪਿਆ ਹੋਇਆ ਸੀ ਜਦ ਦਾ ਮੈਂ ਕੋਚ ਵਿਚ ਬੈਠਾ ਸੀ। ਇਹ ਉਧੇੜ ਬੁਣ ਉਦੋਂ ਖਤਮ ਹੋਈ ਜਦ ਕਾਫੀ ਦੂਰ ਜਾ ਕੇ ਹਾਈ ਵੇਅ ਤੇ ਸਾਡੇ ਗਾਈਡ ਨੇ ਲਕੜੀ ਦਾ ਉਹ ਟੁਕੜਾ ਚੁੱਕਿਆ ਅਤੇ ਸਾਰਿਆਂ ਨੂੰ ਦਿਖਾ ਕੇ ਬੋਲਿਆ, " ਲੇਡੀਜ਼ ਐਂਡ ਜੈਂਟਲ ਮੈੱਨ ! ਲਕੜੀ ਦਾ ਇਹ ਟੁਕੜਾ ਇੱਕ ਦਰੱਖਤ ਦੀ ਛਿੱਲ ਹੈ ਅਤੇ ਉਸ ਦਰੱਖਤ ਦਾ ਨਾਂ ਹੈ ਕੌਰਕ ਟ੍ਰੀ (   ) ਅਤੇ ਇਸ ਤੋਂ ਹਜ਼ਾਰਾਂ ਚੀਜਾਂ ਬਣਾਈਆਂ ਜਾਂਦੀਆਂ ਹਨ, ਹਜ਼ਾਰਾਂ ਸਾਲਾਂ ਤੋਂ ਇਹ ਛਿੱਲ ਯੂਰਪ ਵਿਚ ਬੀਅਰ ਅਤੇ ਵਾਈਨ ਦੀਆਂ ਬੋਤਲਾਂ ਉਪਰ ਢੱਕਣ ਫਿਕਸ ਕਰਨ ਦੇ ਕੰਮ ਆਉਂਦੀ ਰਹੀ ਹੈ, ਇਥੋਂ ਤਕ ਕਿ ਬੀਅਰ ਦੀਆਂ ਬੋਤਲਾਂ ਉੱਪਰਲੇ ਢੱਕਣਾਂ ਵਿਚ ਭੀ ਇਸ ਕੌਰਕ ਦੀ ਵਾਸ਼ਰ ਹੁੰਦੀ ਹੈ, ਇਸ ਲਕੜੀ ਨੂੰ ਇਸਤੇਮਾਲ ਕਰਨ ਦਾ ਇੱਕੋ ਇੱਕ ਕਾਰਨ ਹੈ ਕਿ ਇਹ ਛਿੱਲ ਰਬੜ ਵਾਂਗੂ ਫਲੈਕਸੀਬਲ ਹੁੰਦੀ ਹੈ ਅਤੇ ਬੋਤਲ ਨੂੰ ਇਸ ਤਰਾਂ ਸੀਲ ਕਰ ਦਿੰਦੀ ਹੈ ਕਿ ਇਸ ਵਿਚੋਂ ਗੈਸ ਲੀਕ ਨਹੀਂ ਹੋ ਸਕਦੀ, ਜਿਸ ਨਾਲ ਵਾਈਨ ਦੀ ਕੁਆਲਿਟੀ ਵਿਚ ਫਰਕ ਆ ਜਾਂਦਾ ਹੈ, ਜਿਸ ਦਰਖਤ ਦੀ ਇਹ ਛਿੱਲ ਹੈ, ਉਸ ਨੂੰ ਲਗਾਉਣ ਤੋਂ 25 ਸਾਲ ਬਾਅਦ ਇਸ ਦਾ ਪਹਿਲਾ ਛਿਲਕਾ ਉਤਾਰਿਆ ਜਾਂਦਾ ਹੈ, ਅਤੇ ਢਾਈ ਤੋਂ ਤਿੰਨ ਸੌ ਸਾਲ ਬਾਅਦ ਤਕ ਹਰ 9 ਸਾਲ ਬਾਅਦ ਛਿਲਕਾ ਉਤਰਦਾ ਰਹਿੰਦਾ ਹੈ "

ਚਲਦਾ.........

# ਸੱਤ ਮਹੀਨਿਆਂ ’ਚ ਸੱਤ ਭਾਰਤ ਵਿਰੋਧੀਆਂ ਦੀਆਂ ਪਾਕਿ ’ਚ ਹਤਿਆਵਾਂ ਮਗਰੋਂ ਵਧੀ ਚਿੰਤਾ



ਮਿਸੀਸਾਗਾ: ਅਤਿਵਾਦੀ ਸੰਗਠਨ ਜੈਸ਼-ਏ-ਮੁਹੰਮਦ ਮੁਖੀ ਮੌਲਾਨਾ ਮਸੂਦ ਅਜ਼ਹਰ ਦੇ ਕਰੀਬੀ ਸਹਿਯੋਗੀ ਮੌਲਾਨਾ ਰਹੀਮ ਉੱਲਾਹ ਤਾਰਿਕ ਦੀ ਹੱਤਿਆ ਨੇ ਅਤਿਵਾਦੀਆਂ ’ਚ ਡਰ ਵਧਾ ਦਿੱਤਾ ਹੈ। ਸੂਤਰਾਂ ਦੀ ਮੰਨੀਏ ਤਾਂ ਅਤਿਵਾਦੀਆਂ ਨੇ ਹੁਣ ਮੌਤ ਦੇ ਡਰ ਕਾਰਨ ਖ਼ੁਦ ਦੀ ਨਿੱਜੀ ਸੁਰੱਖਿਆ ਵਧਾ ਦਿੱਤੀ ਹੈ। ਸੱਤ ਮਹੀਨਿਆਂ ’ਚ ਸੱਤ ਵੱਡੇ ਅਤਿਵਾਦੀਆਂ ਦੀ ਭੇਤਭਰੀ ਹੱਤਿਆ ਨੇ ਸਾਰਾ ਮਾਹੌਲ ਹੀ ਬਦਲ ਕੇ ਰੱਖ ਦਿੱਤਾ ਹੈ। ਹੁਣ ਪਾਕਿਸਤਾਨੀ ਸੈਨਾ, ISI ਅਤੇ ਅਤਿਵਾਦੀ ਸੰਗਠਨਾਂ ’ਚ ਡਰ ਹੈ।

### ਸੁਰੱਖਿਅਤ ਟਿਕਾਣਾ

ਅਤਿਵਾਦੀ ਪਾਕਿਸਤਾਨ ਨੂੰ ਆਪਣਾ ਸਭ ਤੋਂ ਸੁਰੱਖਿਅਤ ਟਿਕਾਣਾ ਮੰਨਦੇ ਹਨ। ਅਤਿਵਾਦੀ ਆਪਣੀ ਹਿੰਸਕ ਸਰਗਰਮੀਆਂ ਨੂੰ ਪਾਕਿਸਤਾਨੀ ਫ਼ੌਜ ਅਤੇ ਖ਼ੁਫ਼ੀਆ ਏਜੰਸੀ ISI ਦੀ ਮਦਦ ਨਾਲ ਅੰਜਾਮ ਦਿੰਦੇ ਹਨ। ਪਾਕਿਸਤਾਨੀ ਮੀਡੀਆ ਮੁਤਾਬਿਕ ਇਸੇ ਕਾਰਨ ਭਾਰਤ ਦਾ ਮੋਸਟ ਵੌਂਟੇਡ ਅਤਿਵਾਦੀ ਰਹੀਮ ਉੱਲਾਹ ਤਾਰਿਕ ਪਾਕਿਸਤਾਨ ਤੋਂ ਹੀ ਆਪਣਾ ਨੈੱਟਵਰਕ ਚਲਾ ਰਿਹਾ ਸੀ। ਭਾਰਤ ਵਿਰੋਧੀ ਸਰਗਰਮੀਆਂ ਅਤੇ ਨਫ਼ਰਤ ਭਰੇ ਭਾਸ਼ਣਾਂ ਲਈ ਤਾਰਿਕ ਪਾਕਿਸਤਾਨ ਦੇ ਗ਼ਰੀਬ ਇਲਾਕਿਆਂ ਦੀ ਯਾਤਰਾ ਕਰਦਾ ਸੀ। ਐਤਵਾਰ ਨੂੰ ਵੀ ਤਾਰਿਕ ਭਾਰਤ ਵਿਰੋਧੀ ਪ੍ਰੋਗਰਾਮ ’ਚ ਹਿੱਸਾ ਲੈਣ ਲਈ ਕਰਾਚੀ ਦੀ ਇਕ ਵੱਡੀ ਝੁੱਗੀ ਬਸਤੀ ਔਰੰਗੀ ਟਾਊਨਸ਼ਿਪ ਵੱਲ ਜਾ ਰਿਹਾ ਸੀ। ਇਸੇ ਦੌਰਾਨ ਦੋ ਅਣਪਛਾਤੇ ਹਮਲਾਵਰਾਂ ਨੇ ਤਾਰਿਕ ਨੂੰ ਗੋਲੀਆਂ ਨਾਲ ਭੁੰਨ ਦਿੱਤਾ ਸੀ ਹਾਲਾਂਕਿ ਇਸ ਘਟਨਾ ਲਈ ਜੈਸ਼-ਏ-ਮੁਹੰਮਦ ਦਾ ਅੰਦਰੂਨੀ ਕਲੇਸ਼ ਵੀ ਇੱਕ ਕਾਰਨ ਮੰਨਿਆ ਜਾ ਰਿਹਾ ਹੈ। ਅਤਿਵਾਦੀ ਤਾਰਿਕ ਦੀ ਹੱਤਿਆ ਲਈ ਪਾਕਿਸਤਾਨੀ ਸਰਕਾਰ ਭਾਰਤ ’ਤੇ ਦੋਸ਼ ਲਗਾ ਰਹੀ ਹੈ। ਪਾਕਿਸਤਾਨੀ ਅਖ਼ਬਾਰ ਡਾਅਨ ਦੀ ਇੱਕ ਰਿਪੋਰਟ ’ਚ ਕਿਹਾ ਗਿਆ ਹੈ ਕਿ ਤਾਰਿਕ ਦੀ ਮੌਤ ਲਈ ਭਾਰਤ ਜ਼ਿੰਮੇਵਾਰ ਹੈ।

### ਪਾਕਿਸਤਾਨ ’ਚ ਮਾਰੇ ਗਏ ਭਾਰਤ ਵਿਰੋਧੀ

**6 ਮਈ 2023, ਪਰਮਜੀਤ ਸਿੰਘ ਪੰਜਵੜ:** ਖ਼ਾਲਿਸਤਾਨ ਕਮਾਂਡੋ ਫ਼ੋਰਸ (KCF) ਦੇ ਮੁਖੀ ਪਰਮਜੀਤ ਸਿੰਘ ਪੰਜਵੜ ਨੂੰ ਅਣਪਛਾਤੇ ਹਮਲਾਵਰਾਂ ਨੇ ਉਸ ਸਮੇਂ ਗੋਲੀ ਮਾਰ ਦਿੱਤੀ ਸੀ ਜਦੋਂ ਉਹ ਪਾਕਿਸਤਾਨ ਦੇ ਲਾਹੌਰ ’ਚ ਸੈਰ ਲਈ ਨਿਕਲਿਆ ਸੀ। ਜਦ ਕਿ ਪੰਜਵੜ ਨੂੰ ਪਾਕਿ ਸਰਕਾਰ ਵਲੋਂ ਦੋ ਬੌਡੀਗਾਰਡ ਵੀ ਦਿੱਤੇ ਗਏ ਸਨ। ਇੱਕ ਬੌਡੀਗਾਰਡ ਹਮਲਾਵਰ ਨੂੰ ਮਾਰਨ ’ਚ ਸਫ਼ਲ ਰਿਹਾ ਜਦ ਕਿ ਦੂਜਾ ਹਮਲਾਵਰ ਗੋਲੀਬਾਰੀ ’ਚ ਜ਼ਖ਼ਮੀ ਹੋ ਗਿਆ ਸੀ।

**12 ਸਤੰਬਰ 2023, ਮੌਲਾਨਾ ਜ਼ਿਯਾ-ਉਰ ਰਹਿਮਾਨ:** ਲਸ਼ਕਰ-ਏ-ਤੋਇਬਾ (LET) ਦੇ ਜ਼ਿਯਾ-ਉਰ-ਰਹਿਮਾਨ ਵੀ ਪੰਜਵੜ ਵਾਂਗ ਹੀ ਮਾਰਿਆ ਗਿਆ ਸੀ। ਰਹਿਮਾਨ ਜਦੋਂ ਕਰਾਚੀ ਦੇ ਗ਼ੁਲਿਸਤਾਨ-ਏ-ਜੌਹਰ ਦੇ ਇੱਕ ਪਾਰਕ ’ਚ ਸੈਰ ਕਰਨ ਗਿਆ ਸੀ ਤਾਂ ਅਣਪਛਾਤੇ ਹਮਲਾਵਰਾਂ ਨੇ ਆ ਕੇ ਉਸ ਦੇ ਸ਼ਰੀਰ ’ਤੇ ਕਈ ਰਾਊਂਡ ਫ਼ਾਇਰ ਕੀਤੇ। ਬਾਅਦ ’ਚ ਪਾਕਿਸਤਾਨੀ ਏਜੰਸੀਆਂ ਉਸ ਨੂੰ ਇੱਕ ਧਾਰਮਿਕ ਮੌਲਵੀ ਵਜੋਂ ਦਰਸਾਉਣ ਦੀਆਂ ਕੋਸ਼ਿਸ਼ਾਂ ਕਰ ਰਹੀਆਂ ਸਨ।

**30 ਸਤੰਬਰ 2023, ਮੁਫ਼ਤੀ ਕੈਸਰ ਫ਼ਾਰੂਕ:** ਲਸ਼ਕਰ ਮੁਖੀ ਹਾਫ਼ਿਜ਼ ਸਈਦ ਦੇ ਕਰੀਬੀ ਮੁਫ਼ਤੀ ਕੈਸਰ ਫ਼ਾਰੂਕ ਨੂੰ ਪਾਕਿਸਤਾਨ ਦੇ ਕਰਾਚੀ ’ਚ ਗੋਲੀ ਮਾਰ ਦਿੱਤੀ ਗਈ ਸੀ। ਕੈਸਰ ਫ਼ਾਰੂਕ ਲਸ਼ਕਰ ਦੇ ਸੰਸਥਾਪਕ ਮੈਂਬਰਾਂ ’ਚੋਂ ਇੱਕ ਸੀ। ਹਮਲੇ ਦੀ ਵੀਡੀਓ ਵੀ ਸੋਸ਼ਲ ਮੀਡੀਆ ’ਤੇ ਵਾਇਰਲ ਹੋਈ ਸੀ। 30 ਸਾਲਾ ਕੈਸਰ ਫ਼ਾਰੂਕ ਕਰਾਚੀ ਦੇ ਸਮਾਨਾਬਾਦ ਇਲਾਕੇ ’ਚ ਜਾਮਿਆ ਮਸਜਿਦ ਅਬੂਬਕਰ ਦਾ ਮੁਫ਼ਤੀ ਸੀ।

**10 ਅਕਤੂਬਰ 2023, ਸ਼ਾਹਿਦ ਲਤੀਫ਼:** ਪਠਾਨਕੋਟ ’ਚ ਭਾਰਤੀ ਹਵਾਈ ਫ਼ੌਜ ਦੇ ਅੱਡੇ ’ਤੇ 2016 ’ਚ ਹੋਏ ਹਮਲੇ ਦੇ ਮਾਸਟਰ ਮਾਈਂਡ ਜੈਸ਼-ਏ-ਮੁਹੰਮਦ ਨਾਲ ਸਬੰਧਤ ਸ਼ਾਹਿਦ ਲਤੀਫ਼ ਦੀ ਪਾਕਿਸਤਾਨ ਦੇ ਸਿਆਲਕੋਟ ਦੇ ਦਸਕਾ ਸ਼ਹਿਰ ਦੀ ਇੱਕ ਮਸਜਿਦ ’ਚ ਅਣਪਛਾਤੇ ਹਮਲਾਵਰਾਂ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ। ਤਿੰਨ ਬੰਦੂਕਧਾਰੀ ਨਕਾਬਪੋਸ਼ਾਂ ਨੇ ਉਸ ਦੇ ਅੰਗ ਰੱਖਿਅਕਾਂ ਦੀ ਮੌਜੂਦਗੀ ’ਚ ਗੋਲੀ ਮਾਰ ਦਿੱਤੀ ਸੀ।

**7 ਨਵੰਬਰ 2023, ਖ਼ਵਾਹਾ ਸ਼ਾਹਿਦ:** ਖ਼ਵਾਜ਼ਾ ਸ਼ਾਹਿਦ ਦਾ ਬੇਜਾਨ ਅਤੇ ਸਿਰ ਵੱਢਿਆ ਸ਼ਰੀਰ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ’ਚ ਮਿਲਿਆ ਸੀ। ਉਹ ਜੰਮੂ ਅਤੇ ਕਸ਼ਮੀਰ ਦੇ ਸੁੰਜੁਵਾਨ ’ਚ ਭਾਰਤੀ ਫ਼ੌਜੀ ਕੈਂਪ ’ਤੇ 2018 ਦੇ ਅਤਿਵਾਦੀ ਹਮਲੇ ਦੇ ਮਾਸਟਰਮਾਈਂਡਾਂ ’ਚੋਂ ਇੱਕ ਸੀ ਜਿਸ ’ਚ ਪੰਜ ਭਾਰਤੀ ਫ਼ੌਜ ਦੇ ਜਵਾਨਾਂ ਦੀ ਮੌਤ ਹੋ ਗਈ ਸੀ। ਮੌਤ ਤੋਂ ਪਹਿਲਾਂ ਲਸ਼ਕਰ-ਏ-ਤੈਇਬਾ ਦੇ ਅਤਿਵਾਦੀ ਨੂੰ ਤਸੀਹੇ ਵੀ ਦਿੱਤੇ ਗਏ ਸਨ।

**10 ਨਵੰਬਰ 2023, ਅਕਰਮ ਗ਼ਾਜ਼ੀ:** ਲਸ਼ਕਰ ਦੇ ਕਮਾਂਡਰ ਅਕਰਮ ਖ਼ਾਨ ਗ਼ਾਜ਼ੀ ਨੂੰ ਪਾਕਿਸਤਾਨ ਦੇ ਖ਼ੈਬਰ ਪਖ਼ਤੂਨਖਵਾ ’ਚ ਬਾਈਕ ਸਵਾਰ ਹਮਲਾਵਰਾਂ ਨੇ ਗੋਲੀ ਮਾਰ ਦਿੱਤੀ ਸੀ। ਪਾਕਿਸਤਾਨੀ ਕਾਨੂੰਨ ਵਿਭਾਗ ਨੇ ਵੀ ਇਸ ਮੌਤ ’ਤੇ ਵੀ ਭਾਰਤ ਵੱਲ ਉਂਗਲ ਉਠਾਈ ਸੀ ਜਦ ਕਿ ਪਾਕਿਸਤਾਨੀ ਸਮਾਚਾਰ ਮੀਡੀਆ ਆਉਟਲੈੱਟਸ ਦਾ ਕਹਿਣਾ ਹੈ ਕਿ ਅਤਿਵਾਦੀ ਸਮੂਹ ਦੇ ਗੁੱਟਾਂ ਦੇ ਅੰਦਰੂਨੀ ਕਲੇਸ਼ ਕਾਰਨ ਉਨ੍ਹਾਂ ਦੀ ਹੱਤਿਆ ਹੋਈ ਸੀ।

**12 ਨਵੰਬਰ 2023, ਰਹੀਮ ਉੱਲ੍ਹਾਹ ਤਾਰਿਕ:** ਕਰਾਚੀ ’ਚ ਅਣਪਛਾਤੇ ਹਮਲਾਵਰਾਂ ਨੇ ਜੈਸ਼ ਮੁਖੀ ਮਸੂਦ ਅਜ਼ਹਰ ਦੇ ਕਰੀਬੀ ਰਹੀਮ ਉੱਲਾਹ ਤਾਰਿਕ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਤਾਰਿਕ ਭਾਰਤ ਵਿਰੋਧੀ ਇੱਕ ਧਾਰਮਿਕ ਪ੍ਰੋਗਰਾਮ ’ਚ ਸ਼ਾਮਿਲ ਹੋਣ ਜਾ ਰਿਹਾ ਸੀ। ਓਦੋਂ ਅਣਪਛਾਤੇ ਹਮਲਾਵਰਾਂ ਨੇ ਉਸ ’ਤੇ ਗੋਲੀਆਂ ਚਲਾ ਦਿੱਤੀਆਂ ਸਨ। ਮੌਲਾਨਾ ਤਾਰਿਕ ਅਕਸਰ ਭਾਰਤ ਵਿਰੋਧੀ ਜਲਸਿਆਂ ’ਚ ਭਾਰਤ ਖ਼ਿਲਾਫ਼ ਜ਼ੋਰਦਾਰ ਤਕਰੀਰਾਂ ਕਰਦਾ ਸੀ।



# ਗੁਰੂ ਨਾਨਕ ਜੀ ॥ ਸਦਾ ਮੇਰੇ ਅੰਗ ਸੰਗ

**ਗੁਰਮੀਤ ਸਿੰਘ ਭੋਗਲ**

ਬਾਹਰ ਦਰਵਾਜੇ ਤੇ ਲੱਗੀ ਡੋਰ ਬੈੱਲ ਦਾ ਅਲਾਰਮ ਸੁਣ ਕੇ ਗੁਰੂ ਨਾਨਕ ਦੇਵ ਜੀ ਦਾ ਇੱਕ ਉਪਾਸ਼ਿਕ ਨਾਮ ਲੇਵਾ ਸ਼ਰਧਾਲੂ ਸਿੱਖ ਜੋ ਉਨ੍ਹਾਂ ਨੂੰ ਰੱਬ ਦਾ ਸਰੂਪ ਮੰਨਦਾ ਸੀ ਦਰਵਾਜਾ ਖੋਲ੍ਹਣ ਲਈ ਉੱਠਿਆ। ਜਦ ਉਸ ਨੇ ਦਰਵਾਜਾ ਖੋਲ੍ਹਿਆ ਸਾਹਮਣੇ ਖੇਤੀ ਬਾੜੀ ਕਰਨ ਵਾਲੇ ਆਮ ਕਿਸਾਨ ਕਾਸ਼ਤਕਾਰ ਦੇ ਪਹਿਰਾਵੇ ਵਿੱਚ ਇੱਕ ਇਨਸਾਨ ਖਲੋਤਾ ਸੀ। ਉਸ ਇਨਸਾਨ ਨੂੰ ਜਦ ਪੁੱਛਿਆ ਕਿ ਜੀ ਤੁਸੀਂ ਕੌਣ ਹੋ? ਤੇ ਤੁਹਾਨੂੰ ਕੀ ਚਾਹੀਦਾ ਹੈ? ਜਵਾਬ ਮਿਲਿਆ, ਮੈਂ ਨਾਨਕ ਹਾਂ।

ਫੇਰ ਪੁੱਛਿਆ, ਕੌਣ ਨਾਨਕ?

ਉਹੀਓ ਨਾਨਕ, ਗੁਰੂ ਨਾਨਕ ਦੇਵ ਜਿਸ ਨੂੰ ਵਰਸਾਂ ਤੋਂ ਤੂੰ ਯਾਦ ਕਰਦਾ ਸੈਂ। ਪਿੱਛਲੇ ਕਈਆਂ ਸਾਲਾਂ ਤੋਂ ਤੂੰ ਮੇਰੀ ਉਪਾਸਨਾ ਭਗਤੀ ਕਰ ਰਿਹਾ ਸੈਂ ਤੇ ਅਕਸਰ ਕਵਿਤਾ ਵੀ ਪੜ੍ਹਦਾ ਰਹਿੰਦਾ ਸੈਂ ਇੱਕ ਵਾਰੀ ਆ ਜਾ ਨਾਨਕ।

ਫੇਰਾ ਤਾਂ ਇੱਕ ਪਾ ਜਾ ਨਾਨਕ॥

ਜਾਂ ਫਿਰ ਹਰ ਵਾਲੇ ਇਹ ਵੀ ਰੱਟ ਲਾਈ ਰੱਖਦਾ ਸੈਂ: "॥ਸਦਾ ਅੰਗ ਸੰਗੇ ਅਭੰਗ ਬਿਭੂਤੇ॥" ਕਿ ਮੇਰਾ ਗੁਰੂ ਸਦਾ ਅੰਗ ਸੰਗ ਹੈ ਤੇ ਮੇਰੇ ਨਾਲ ਹੈ।

ਮੈਂ ਸੋਚਿਆ ਸੱਚ ਮੁੱਚ ਸਾਖਿਆਤ ਹੁਣ ਮੈਂ ਤੇਰੇ ਅੰਗ ਸੰਗ ਰਹਾਂਗਾ। ਤੂੰ ਮੈਨੂੰ ਦੇਖ ਸਕਦਾ ਹੈਂ ਮੈਂ ਤੈਨੂੰ ਦੇਖ ਸਕਦਾ ਹਾਂ। ਤੂੰ ਮੈਨੂੰ ਸੁਣ ਸਕਦਾ ਹੈਂ ਤੇ ਮੈਂ ਤੈਨੂੰ ਸੁਣ ਸਕਦਾ ਹਾਂ। ਹੋਰ ਕੋਈ ਨਾ ਤਾਂ ਮੈਨੂੰ ਦੇਖ ਸਕੇਗਾ ਤੇ ਨਾ ਹੀ ਸੁਣ ਪਾਏਗਾ। ਮੈਂ 24 ਘੰਟੇ ਸੱਤੇ ਦਿਨ ਹਰ ਪਲ ਹਰ ਸੈਕਿੰਡ ਸਦਾ ਤੇਰੇ ਨਾਲ ਰਹਾਂਗਾ। ਹੁਣ ਤੂੰ ਆਪਣੀ ਜਿੰਦਗੀ ਜੀ ਕੇ ਦਿਖਾ?

ਗੁਰਦੁਆਰੇ ਵਿੱਚ ਜੇ ਸੇਵਾਦਾਰ ਹੋ ਜਾਂ

ਕੋਈ ਪ੍ਰਬੰਧਕ। ਭੋਗ ਉਪ੍ਰੰਤ ਸੰਗਤਾਂ ਵਲੋਂ ਚੜ੍ਹਾਵੇ ਵਾਲੀ ਜਾਂ ਗੋਲਕ ਦੀ ਮਾਇਆ ਦੀ ਗਿਣਤੀ ਗ਼ਲਤ ਕਰ ਕੇ ਜਾਂ ਅੱਖ ਬਚਾ ਕੇ ਉਹਲੇ ਚੋਰੀ ਮਾਇਆ ਛੁੱਪਾ ਕੇ ਦਿਖਾ? ਧਿਆਨ ਰੱਖਣਾ ਮੈਂ ਉਸ ਥਾਂ ਤੇਰੇ ਕੋਲ ਹੀ ਮੌਜੂਦ ਹੋਵਾਂਗਾ।

ਗੁਰਦੁਆਰੇ ਦੀ ਸਟੇਜ ਤੇ ਖਲੋ ਕੇ ਸੰਗਤਾਂ ਨੂੰ ਗੁਰਦੁਆਰੇ ਦੀ ਆਮਦਣ ਤੇ ਖਰਚ ਦਾ ਅਕਾਊਂਟ ਪੇਸ਼ ਕਰਨ ਲੱਗੇ ਹੋ। ਉਸ ਹਿਸਾਬ ਕਿਤਾਬ ਵਿੱਚ ਲਿਖਤ ਦਰਜਾਂ ਵਿੱਚ ਘਪਲਾ ਕਰ ਕੇ ਦਿਖਾ। ਧਿਆਨ ਰੱਖਣਾ ਮੈਂ ਉਸ ਥਾਂ ਤੇਰੇ ਕੋਲ ਹੀ ਮੌਜੂਦ ਹੋਵਾਂਗਾ।

ਇਲੈਕਸ਼ਣ ਵਿੱਚ ਜਿੱਤਣ ਦੀ ਗਰਜ਼ ਨਾਲ ਬੜੀ ਪ੍ਰਭਾਵਸ਼ਾਲੀ ਤੇ ਧੂਆਂਧਾਰ ਸਪੀਚ ਕਰ ਰਹੇ ਹੋ।

ਪਬਲਕ ਨਾਲ ਉਨ੍ਹਾਂ ਵਾਇਦਾਂ ਦੀ ਪੂਰਤੀ ਬਾਰੇ ਜ਼ਿਕਰ ਕਰ ਕੇ ਦਿਖਾਓ, ਜੋ ਵਾਇਦੇ ਤੁਸੀਂ ਪੂਰੇ ਕਰਨੇ ਹਨ! ਧਿਆਨ ਰਹੇ ਮੈਂ ਉਸ ਥਾਂ ਤੇਰੇ ਕੋਲ ਹੀ ਮੌਜੂਦ ਹੋਵਾਂਗਾ। ਜਿਸ ਦਿਨ ਘਰ ਵਿੱਚ ਲੇਟ ਪਹੁੰਚੋ ਤੇ ਘਰ ਵਾਲੀ ਤੁਹਾਨੂੰ ਪੁੱਛੇ, ਕਿਉਂ ਲੇਟ ਹੋ ਗਏ? ਨਾਨਕ ਜੀ ਕੋਲ ਖੜੇ ਹਨ ਹੁਣ ਉਸ ਨੂੰ ਝੂਠਾ ਜਵਾਬ ਦੇ ਕੇ ਦਿਖਾਓ ਕਿ ਤੁਸੀਂ ਕਿਉਂ ਲੇਟ ਹੋ ਗਏ?

ਰੋਜ਼ਾਨਾ ਮਿਲਣ ਵਾਲੇ ਲੋਕਾਂ ਵਿੱਚੋਂ ਕੁੱਝ ਲੋਕ ਤੇਰੀ ਸਮਝ ਅਨੁਸਾਰ ਅਜਿਹੇ ਵੀ ਹਨ ਜਿਨ੍ਹਾਂ ਨੂੰ ਤੂੰ ਆਪਣੇ ਨਾਲੋਂ ਘੱਟੀਆ ਤਸੱਬਰ ਕਰਦਾ ਹੈਂ। ਹੁਣ ਅਗਲੀ ਵਾਰ ਜਦ ਉਹਨਾਂ ਵਿੱਚੋਂ ਕੋਈ ਤੈਨੂੰ ਮਿਲਣ ਆਵੇ, ਉਸ ਨੂੰ ਜ਼ਰਾ ਪਰ੍ਹੇ ਹੋ ਕੇ ਬੈਠ, ਤੂੰ ਨੀਵੀ ਜਾਤ ਦਾ ਹੈਂ ਕਹਿ ਕੇ ਦਿਖਾ! ਧਿਆਨ ਰੱਖਣਾ ਮੈਂ ਉਸ ਥਾਂ ਤੇਰੇ ਕੋਲ ਹੀ ਮੌਜੂਦ ਹੋਵਾਂਗਾ।

ਆਪਣੇ ਨਿੱਜੀ ਕਾਰੋਬਾਰ ਵਿੱਚ ਕਿਸੇ ਦਾ ਬਣਦਾ ਹੱਕ ਮਾਰ ਕੇ ਦਿਖਾ! ਸਰਕਾਰ ਦੇ ਕਿਸੇ ਮਹਿਕਮੇ ਵਿੱਚ ਅਫ਼ਰ ਪੇਸ਼ਾ ਜਾਂ ਕੋਈ ਨੌਕਰੀ ਕਰਦਾ ਹੈਂ, ਰਿਸ਼ਵਤ ਲੈ ਕੇ ਦਿਖਾ। ਧਿਆਨ ਰੱਖਣਾ ਮੈਂ ਉਸ ਥਾਂ ਤੇਰੇ ਕੋਲ ਹੀ ਮੌਜੂਦ ਹੋਵਾਂਗਾ।

ਕਿਸੇ ਮਜ਼ਦੂਰ ਨੂੰ ਬਣਦੀ ਮਜ਼ਦੂਰੀ ਨਾਲੋਂ ਘੱਟ ਪੈਸੇ ਦੇਣ ਲੱਗਾ ਹੈਂ ਜਾਂ ਦੁਕਾਨ ਵਿੱਚ ਗਾਹਕ ਨਾਲ ਚਾਲਾਕੀ ਚੱਤ੍ਰਾਈ ਵਰਤ ਕੇ ਧੋਖਾ ਧੜੀ ਕਰ ਰਿਹਾ ਹੈਂ ਹੁਣ ਐਸਾ ਕਰ ਕੇ ਦਿਖਾ! ਧਿਆਨ ਰੱਖਣਾ ਉਸ ਵੇਲੇ ਮੈਂ ਉਸ ਥਾਂ ਤੇਰੇ ਕੋਲ ਹੀ ਮੌਜੂਦ ਹੋਵਾਂਗਾ।

* * * * *

ਅਜਿਹੀਆਂ ਉਧਾਰਨਾਂ ਨੂੰ ਮੁੱਖ ਰੱਖਦਿਆਂ ਆਓ ਵਿਚਾਰ ਕਰੀਏ: ਕੀ ਅਸੀਂ ਤੁਸੀਂ ਆਪਣੇ ਅੰਗ ਸੰਗ ਸਾਖਿਆਤ ਗੁਰੂ ਜੀ ਦੀ ਮੌਜੂਦਗੀ ਵਿੱਚ ਇਹ ਸਭ ਕੁੱਝ ਕਰ ਸਕਾਂਗੇ?

ਜ਼ਾਹਰ ਹੈ! ਜੇ ਦਿਆਨਤਦਾਰੀ ਈਮਾਨਦਾਰੀ ਨਾਲ ਜਵਾਬ ਦੇਣਾ ਪਵੇ: ਤਾਂ ਸਹੀ ਜਵਾਬ ਹੋਵੇਗਾਜੀ ਨਹੀਂ, ਬਿਲਕੁਲ ਕਤੱਈ ਨਹੀਂ!

ਬਸ! ਇਹੋ ਹੀ ਇੱਕ ਬੜਾ ਕਾਰਨ ਹੈ ਕਿ ਅਸੀਂ ਆਪਣੇ ਇਸ਼ਟ ਨੂੰ, ਭਗਵਾਨ ਨੂੰ, ਗੁਰੂ ਨੂੰ ਜਾਂ ਰੱਬ ਨੂੰ ਪੋਥੀਆਂ, ਗੁਟਕਿਆਂ, ਕਿਤਾਬਾਂ, ਮੂਰਤੀਆਂ, ਫੋਟੋਗ੍ਰਾਫ਼ ਆਦਿ ਦੀ ਇੱਕ ਮਿੱਥੀ ਹੋਈ ਹੱਦ ਜਾਂ ਗੁਰਦੁਆਰਿਆਂ, ਮਸਜਦਾਂ ਜਾਂ ਮੰਦਰ ਅੰਦਰ ਬੰਦ ਕਰ ਕੇ ਰੱਖਣਾ ਚਾਹੁੰਦੇ ਹਾਂ। ਜ਼ਰਾ ਸੋਚੋ! ਜਦ ਉਹ ਬਾਹਰ ਨਿਕਲ ਆਉਣਗੇ ਤਾਂ ਇਹ ਸੰਸਾਰ ਕਿਹੋ ਜਿਹਾ ਹੋਵੇਗਾ??

ਇਸ ਲਈ ਮੇਰੇ ਲਈ ਗੁਰੂ ਨਾਨਕ ਜੀ ਜਾਂ ਉਨ੍ਹਾਂ ਦੀ ਲਿਖਤ ਬਾਣੀ ਸ਼ਬਦ ਇੱਕ ਆਤਮ ਜਾਗ੍ਰਤੀਛੋਨਸਚੌਸਿ ਹੈ, ਜ਼ਮੀਰ ਹੈ, ਰੂਹ ਦੀ ਗਹਿਰਾਈ ਤੋਂ ਨਿਕਲੀ ਇੱਕ ਸੱਚੀ ਅੰਤ੍ਰਗਤੀ ਆਵਾਜ਼ ਹੈ। ਐਸੀ ਆਵਾਜ਼ ਸੁੱਚੇਤਾ ਨੂੰ ਮੈਂ "ਸੁਭਾਨਤਾ" ਦਾ ਨਾਂ ਦਿੰਦਾ ਹਾਂ। ਜੋ ਸਾਡੇ ਤੁਹਾਡੇ ਨਿੱਜੀ ਸੁਭਾ ਦਾ ਪਰਸਪਰ ਅਨਿੱਖੜਵਾਂ ਅੰਗ ਹੋਵੇ।

ਮੇਰਾ ਮਕਸਦ ਸ਼ੁਭ ਗੁਰਪੁਰਬ ਤੇ ਜਾਂ ਆਉਣ ਵਾਲੇ ਹਰ ਕੱਲ, ਮੈਂ ਤੁਸੀਂ ਤੇ ਹੋਰ ਸਭ ਗੁਰੂ ਜੀ ਦੀ ਸੁਭਾਨਤਾ ਵਿੱਚ ਆਪਣਾ ਜੀਵਨ ਵਸਰ ਕਰੀਏ। ਨਾ ਕਿ ਸਿਰਫ਼ ਨਿਰੀ ਪੁਰੀ ਪਾਖੰਡਬਾਜ਼ੀ ਨਾਲ, ਕਲਪਣਾ ਦੁਆਰਾ, ਫੋਟੋ ਬਣਾ ਕੇ, ਮੂਰਤੀ ਪੂਜਾ, ਧੂਫ ਅਗਰਬੱਤੀ ਜਲਾ ਕੇ, ਜਾਂ ਨਿਰੇ ਮੰਤ੍ਰਾਂ ਸ਼ਲੋਕਾਂ ਸ਼ਬਦਾਂ ਨੂੰ ਵਾਰ ਵਾਰ ਉੱਚੀ ਆਵਾਜ਼ ਵਿੱਚ ਦੁਹਰਾ ਕੇ ਪੜ੍ਹ ਕੇ ਜਾਂ ਰੱਟਣ ਕਰਨ ਨਾਲ ਆਦਿ।

ਇਨ੍ਹਾਂ ਸਭ ਕਿਰਿਆਵਾਂ ਦੀ ਮੈਂ ਨਿੰਦਾ ਬਿਲਕੁਲ ਨਹੀਂ ਕਰ ਰਿਹਾ। ਸਗੋਂ ਇਨ੍ਹਾਂ ਸਭ ਚੀਜ਼ਾਂ ਦੀ ਲੋੜ ਹੈ, ਮਹੱਤਤਾ ਹੈ ਤੇ ਆਪਣਾ ਆਪਣਾ ਇੱਕ ਵੱਖਰਾ ਨਵੇਕਲਾ ਸਥਾਨ ਵੀ ਹੈ। ਇਹ ਸਭ ਕੁੱਝ ਬਣਿਆ ਹੀ ਹੈ ਕੇਵਲ ਉਸ ਇੱਕ ਸੁਭਾਨਤਾਆਓਰਏਨਏਸਸ ਜਾਗ੍ਰਿਤੀ ਨੂੰ ਆਪਣੇ ਅੰਦਰ ਪੈਦਾ ਕਰਨ ਲਈ।

ਅੱਗਲੀ ਵਾਰ ਜਾਂ ਜਿੱਨੀ ਵਾਰ ਵੀ ਉਨ੍ਹਾਂ ਫੋਟੋਗ੍ਰਾਫ ਜਾਂ ਮੂਰਤੀਆਂ ਵਲ ਵੇਖੋ, ਸ਼ਬਦ ਪੜ੍ਹੋ, ਬਾਣੀ ਦਾ ਉੱਚਾਰਨ ਕਰੋ ਇਹ ਸੁਭਾਨਤਾ ਮਿਲੇ, ਅਹਿਸਾਸ ਬਣਿਆ ਰਹੇ ਕਿ ਹਰ ਸਮੇਂ, ਹਰ ਥਾਂ ਸਾਡਾ ਗੁਰੂ ਪ੍ਰਗੱਟ ਸੱਚ ਮੁੱਚ ਹੀ ਸਾਡੇ ਸਾਥ ਹੈ ਤੇ ਸਾਡੇ ਅੰਗ ਸੰਗ ਹੈ।

ਸੋ ਅਗਲੀ ਵਾਰ ਜੇ ਗੁਰਦੁਆਰੇ ਦੇ ਅੱਗੋਂ ਦੀ ਗੁਜ਼ਰ ਰਹੇ ਹੋਵੋ। ਤੁਹਾਡੇ ਕੋਲ ਵਕਤ ਹੈ। ਆਪਣੀ ਗੱਡੀ ਪਾਰਕ ਕਰ ਕੇ ਅੰਦਰ ਜਾ ਕੇ ਮੱਥਾ ਟੇਕ ਲਓ ਜਾਂ ਅਰਦਾਸ ਕਰ ਲਓ। ਇਸ ਵਿੱਚ ਕੋਈ ਹਰਜ ਨਹੀਂ ਤੇ ਇਹ ਬੜੀ ਚੰਗੀ ਗੱਲ ਹੈ। ਪਰ ਉਸ ਦਿਨਜਿਸ ਦਿਨ ਜੇ ਤੁਹਾਡੇ ਕੋਲ ਵਕਤ ਨਾ ਹੋਵੇ ਤਾਂ ਜ਼ਿਆਦਾ ਟੈਨਸ਼ਨ ਲੈਣ ਦੀ ਵੀ ਲੋੜ ਨਹੀਂ, ਕਿ ਅੱਜ ਮੇਰੇ ਕੋਲੋਂ ਮੱਥਾ ਟੇਕਣ ਜਾ ਨਹੀਂ ਹੋਇਆ ਇਸ ਕਰਕੇ ਖਬਰੇ ਮੇਰਾ ਕੰਮ ਵਿਗੜ ਜਾਏ! ਕਿਉਂਕਿ ਤੁਸੀਂ ਉਸ ਸੱਚ ਨੂੰ ਭੁੱਲ ਰਹੇ ਹੋ! ਕਿ ਉਹ ਸਰਬ ਵਿਆਪਕ ਹੈ, ਕਣ ਕਣ ਵਿੱਚ ਸਮਾਇਆ ਹੋਇਆ ਹੈ ਅਤੇ ਤੁਹਾਡੇ ਅੰਗ ਸੰਗ ਹੈ। ਜਿਸ ਗੱਡੀ ਨੂੰ ਤੁਸੀਂ ਡਰਾਈਵ ਕਰ ਰਹੇ ਸਾਓ, ਤੁਹਾਡੇ ਰਾਸਤੇ ਵਿੱਚ ਤੁਹਾਡੇ ਸਫ਼ਰ ਵਿੱਚ ਅਤੇ ਤੁਹਾਡੀ ਵਗਲ ਵਾਲੀ ਸੀਟ ਵਿੱਚ ਨਾਨਕ ਜੀ ਮੌਜੂਦ ਬੈਠੇ ਹਨ।

ਜਦੋਂ ਤਕ ਵਾਸਤਵਿਕ ਤੌਰ ਵਿੱਚ ਇਹ ਸੁਭਾਨਤਾ ਅਹਿਸਾਸ ਅਟੱਲ ਵਿਸ਼ਵਾਸ਼ ਭਰੋਸਾ ਬਣਿਆ ਰਹੇਗਾ ਕਿ ਸੱਚ ਮੁੱਚ ਸਦੀਵ ਅੰਗ ਸੰਗ ਗੁਰੂ ਹੈ ਮੇਰੇ

ਨਾਲੇ! ਤੁਹਾਨੂੰ ਕਿਸੇ ਹੋਰ ਫਿਕਰ ਚਿੰਤਾ ਦੀ ਵੀ ਕਤੱਈ ਲੋੜ ਨਹੀਂ।

ਫੇਰ ਦਿਖਾਵੇ ਲਈ ਜਾਂ ਕਿਸੇ ਹੋਰ ਕਿਸੇ ਕਾਰਨ ਤੁਹਾਨੂੰ ਕਦੇ ਵੀ ਬਹਤੇ ਅਡੰਬਰ ਜਾਂ ਕਰਮ ਕਾਂਡ ਕਰਨ ਦੇ ਚੱਕਰ ਵਿੱਚ ਪੈਣ ਦੀ ਕੋਈ ਲੋੜ ਨਹੀਂ ਪਵੇਗੀ। ਕਿਸੇ ਫੋਟੋਗ੍ਰਾਫ਼ ਮੂਰਤੀ ਆਦਿ ਅੱਗੇ ਮੱਥਾ ਰੱਗੜਨ ਦੀ ਜ਼ਰੂਰਤ ਨਹੀਂ ਰਹੇਗੀ ਕਿਉਂਕਿ ਜਦ ਤੁਸੀਂ ਉਸ ਸੁਭਾਨਤਾ ਦੇ ਨਾਲ ਜੀਉਣ ਲਗਦੇ ਹੋ ਕਿ ਹਰ ਥਾਂ ਹਰ ਪਲ ਹਰ ਸੈਕਿੰਡ ਹਰ ਬੋਲ ਸ਼ਬਦ ਤੇ ਹਰ ਸੋਚ ਵਿੱਚ ਉਹੀਓ ਮੌਜੂਦ ਹੈ। ਇਸ ਸੁਭਾਨਤਾ ਦੇ ਨਾਲ ਜੀਊਦਿਆਂ ਨਾ ਕੋਈ ਡਰ ਲੱਗ ਸਕਦਾ ਹੈ ਨਾ ਕੋਈ ਚਿੰਤਾ ਕਦੇ ਸਤਾ ਸਕਦੀ ਹੈ। ਕਿਉਂਕਿ ਤੁਹਾਨੂੰ ਅਟੱਲ ਵਿਸ਼ਵਾਸ਼ ਹੈ ਕਿ ਉਹ ਮੇਰੇ ਸਾਥ ਹੈ। ਇਹੋ ਵਿਸ਼ਵਾਸ਼ ਹੀ ਹੋਰ ਹਰ ਡਰ ਨੂੰ, ਹਰ ਨੈਗੇਟਿਵਟੀ ਨੂੰ ਤੇ ਹਰ ਕਿਸਮ ਦੀਆਂ ਚਿੰਤਾਵਾਂ ਨੂੰ ਆਪਣੇ ਆਪ ਖਤਮ ਕਰ ਦਿੰਦਾ ਹੈ। ਨਾ ਕੇਵਲ ਇਹੋ ਸਗੋਂ ਜਦ ਤਕ ਸੁਭਾਨਤਾ ਤੁਹਾਡੇ ਅੰਦਰ ਬਣੀ ਹੋਈ ਹੈ ਇੱਕ ਲਾਭ ਹੋਰ ਵੀ ਹੋਵੇਗਾ ਕਿ ਚਾਹੁੰਦੇ ਹੋਏ ਵੀ ਤੁਸੀਂ ਕੋਈ ਗ਼ਲਤ ਕੰਮ ਕਰ ਹੀ ਨਹੀਂ ਪਾਓਗੇ। ਜੋ ਸਹੀ ਧਰਮ ਦਾ ਸੱਚਾ ਮਾਰਗ ਹੈ ਰਾਹੇ-ਰਾਸਤ ਹੈ, ਸਦੀਵ ਉਸ ਨੂੰ ਹੀ ਆਪਣੇ ਜੀਵਨ ਵਿੱਚ ਅਪਣਾਓਗੇ। ਅਜਿਹਾ ਉਸ ਵਕਤ ਤਕ ਹੀ ਹੋ ਸਕੇਗਾ ਜਦ ਤਕ ਤੁਸੀਂ ਇਸ ਸੁਭਾਨਤਾ ਦੇ ਸਾਥ ਜੀ ਸਕੋ, ਨਾ ਕੇ ਇਸ ਸੋਚ ਨਾਲ ਕਿ ਉਹ ਸਿਰਫ਼ ਕਿਸੇ ਪੋਥੀ ਮੂਰਤੀ ਫੋਟੋਗ੍ਰਾਫ਼ ਜਾਂ ਕੇਵਲ ਧਰਮਸ਼ਾਲਾ ਗੁਰਦਆਰੇ ਜਾਂ ਮੰਦਰ ਅੰਦਰ ਹੀ ਹੈ। ਬੇਸ਼ੱਕ, ਉੱਥੇ ਤਾਂ ਉਹ ਹੈ ਪਰ ਉਸ ਤੋਂ ਇਲਾਵਾ ਉਹ ਹੋਰ ਹਰ ਇੱਕ ਥਾਂ ਵੀ ਹੈ।

ਜਦ ਇਹ ਸੂਝ ਬੂਝ ਸਮਝ ਆ ਜਾਂਦੀ ਹੈ ਤਾਂ ਲਾਈਫ ਵਿਚ ਇੱਕ ਅਲੱਗ ਐਟੀਚੀਊਡ, ਇੱਕ ਅਲੱਗ ਨਜ਼ਰੀਆ ਮਿਲਦਾ ਹੈ। ਜਿਸ ਨਾਲ ਸਾਡੀ ਜ਼ਿੰਦਗੀ ਜੀਊਣ ਦੇ ਰੂਲਜ਼ ਵੀ ਬਦਲ ਜਾਂਦੇ ਹਨ। ਜੀਵਨ ਵਿੱਚ ਇੱਕ ਪਲ਼ਟਾ ਆਉਂਦਾ ਹੈ ਅਤੇ ਇੱਕ ਸਹੀ ਤੇ ਸੱਚਾ ਮਾਰਗ ਸਾਹਮਣੇ ਸਪੱਸ਼ਟ ਦਿਖਾਈ ਦੇਣ ਲੱਗ ਪੈਂਦਾ ਹੈ।

ਕਿਉਂਕਿ ਸੱਚ ਮੁੱਚ ਹੀ ਉਹ:
ਦੁਕਾਲੰ ਪ੍ਰਣਾਸੀ ਦਇਆਲੰ ਸਰੂਪੇ
ਸਦਾ ਅੰਗ ਸੰਗੇ ਅਭੰਗੰ ਬਿਭੂਤੇ॥
ਅਮ੍ਰਿਤ ਕੀਰਤਨ ਗੁਰੂ ਗੋਬਿੰਦ ਸਿੰਘ ਜੀ ਪ: 838
ਸਤਿਗੁਰ ਸੱਜਣ ਸੁਹੇਲੜਾ ਸਦਾ ਸੰਗ ਹੈ ਮੇਰੇ ਨਾਲੇ
॥ਧੰਨਵਾਦ॥

# 'ਇਨਕਲਾਬ ਦੇ ਮੋਢੀ- ਬਾਬਾ ਨਾਨਕ ਜੀ'

## ਨਾਨਕ ਸ਼ਾਹ ਫਕੀਰ-ਹਿੰਦੂ ਦਾ ਗੁਰੂ ਅਤੇ ਮੁਸਲਮਾਨ ਦਾ ਪੀਰ

**ਦਾਸ ਗੁਰਨਾਥ ਸਿੰਘ ਭੱਟੀ**

ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਆਗਮਨ 1469 ਈ. ਨੂੰ ਰਾਇ ਭੋਇ ਦੀ ਤਲਵੰਡੀ ( ਨਨਕਾਣਾ ਸਾਹਿਬ) ਪਾਕਿਸਤਾਨ ਵਿੱਚ ਹੋਇਆ।ਇਸ ਸਮੇਂ ਭਾਰਤ ਵਿੱਚ ਅੱਠਵੀਂ ਸਦੀ ਤੋਂ ਇਸਲਾਮੀ ਹਾਕਮਾਂ ਦਾ ਰਾਜ ਚੱਲਿਆ ਆ ਰਿਹਾ ਸੀ।ਜਿਸਦੇ ਫਲਸਰੂਪ ਭਾਰਤ ਦੇ ਅਸਲੀ ਵਾਸੀ ਗੁਲਾਮਾਂ ਵਾਂਗ ਇਸਲਾਮ ਧਰਮ ਦੇ ਸ਼ਾਸ਼ਕਾਂ ਦਾ ਜ਼ੁਲਮ ਸਹਾਰਦੇ ਹੋਏ ਨਿਰਬਲ ਅਤੇ ਗ਼ੈਰਤਹੀਣ ਹੋ ਗਏ ਸਨ।ਹਿੰਦੂ ਕੌਮ ਇਸਲਾਮ ਧਰਮ ਕਬੂਲਣ ਲਈ ਮਜ਼ਬੂਰ ਸੀ।

ਉਸ ਸਮੇਂ ਹਿੰਦੂ ਨੂੰ ਕਾਫਰ ਵਰਗੇ ਸ਼ਬਦਾਂ ਨਾਲ ਸੰਬੋਧਨ ਕੀਤਾ ਜਾਂਦਾ ਸੀ।ਗੁਰੂ ਸਾਹਿਬ ਨੇ ਇਸ ਨਫਰਤ ਭਰੇ ਅਤੇ ਈਰਖਾਵਾਦੀ ਪਹਿਲੂ ਨੂੰ ਅਨੁਭਵ ਕੀਤਾ।ਇੱਕ ਦਿਨ ਉਹ ਮੋਦੀਖਾਨੇ ਵਿੱਚ ਨੌਕਰੀ ਕਰਦੇ ਵੇਈਂ ਨਦੀ ਵਿੱਚ ਇਸ਼ਨਾਨ ਕਰਨ ਗਏ ਤਿੰਨ ਦਿਨ ਅਲੋਪ ਰਹਿਣ ਪਿੱਛੋਂ ਗੁਰੂ ਜੀ ਨੇ ਪਰਗਟ ਹੋਕੇ ਸੰਸਰ ਨੂੰ ਨਵਾਂ ਉਪਦੇਸ਼ ਦਿੱਤਾ ਕਿ ਸਭ ਮਨੁੱਖਤਾ ਇੱਕ ਨੂਰ ਤੋਂ ਉਪਜੀ ਹੈ ਇਸ ਲਈ ਨਾ ਕੋਈ ਮੁਸਲਮਾਨ ਹੈ ਅਤੇ ਨਾ ਕੋਈ ਹਿੰਦੂ।ਇਸ ਨਾਲ ਹਿੰਦੂ ਅਤੇ ਮੁਸਲਮਾਨ ਕਾਫੀ ਹੱਦ ਤੱਕ ਸਹਿਮਤ ਵੀ ਹੋਏ ਕਿਉਂਕਿ ਗੁਰੂ ਜੀ ਕਿਸੇ ਧਰਮ ਨੂੰ ਚੰਗਾ ਜਾਂ ਮਾੜਾ ਨਹੀਂ ਸੀ ਮੰਨਦੇ ਪਰ ਸਮਾਜਕ ਕੁਰੀਤੀਆਂ ਦਾ ਖੁੱਲ੍ਹਕੇ ਖੰਡਨ ਕੀਤਾ ਅਤੇ ਸਭਨੂੰ ਚੰਗਾ ਇਨਸਾਨ ਬਣਨ ਦੀ ਪ੍ਰੇਰਨਾ ਦਿੱਤੀ।

ਗੁਰੂ ਜੀ ਨੇ ਪੁਜਾਰੀ ਵਰਗ ਨੂੰ ਬਹੁਤ ਹੀ ਕਰਾਰੀ ਸੱਟ ਮਾਰੀ ਜਿਹੜੇ ਆਮ ਜੰਤਾ ਨੂੰ ਭਰ੍ਹਮਾਂ, ਵਹਿਮਾਂ ਵਿੱਚ ਫਸਾਕੇ ਅਤੇ ਨਰਕ ਸੁਰਗ ਦੇ ਡਰਾਵੇ ਦੇ ਦੇ ਉਨ੍ਹਾਂ ਦੀ ਖੂਨ ਪਸੀਨੇ ਦੀ ਕਮਾਈ ਦੀ ਲੁੱਟ ਖਸੁੱਟ ਕਰਦੇ ਸਨ।ਗੁਰੂ ਸਹਿਬ ਨੇ ਰਾਜਨੀਤਕ ਸ਼ਾਸ਼ਕਾਂ ਦੀ ਧੱਕੇ ਨਾਲ ਮਨਾਉਣ ਵਾਲੀ ਨੀਤੀ ਨੂੰ ਖੁੱਲ੍ਹ ਕੇ ਭੰਡਿਆ।


ਜਦੋਂ ਗੁਰੂ ਜੀ ਮਰਦਾਨੇ ਨਾਲ ਭਾਈ ਲਾਲੋ ਜੀ ਦੇ ਘਰ ਠਹਿਰੇ ਹੋਏ ਸਨ ਤਾਂ ਬਾਬਰ ਦੀ ਜ਼ਾਲਮੀ ਫੌਜ ਦਾ ਹਮਲਾ ਹੋਇਆ ਜਿਸਨੂੰ ਗੁਰੂ ਸਾਹਿਬ ਨੇ ਨਿਧੜੱਕ ਹੋਕੇ ਬਾਬਰ ਨੂੰ ਜਾਬਰ ਅਤੇ ਜ਼ਾਲਮ ਕਹਿਕੇ ਸੰਬੋਧਨ ਕੀਤਾ ਕਿਉਂਕਿ ਉਹ ਕਿਸੇ ਨੂੰ ਆਪਣੇ ਵਿਚਾਰ ਧੱਕੇ ਨਾਲ ਮਨਾਉਣ ਦੇ ਖਿਲਾਫ ਸਨ।ਗੁਰੂ ਜੀ ਨੇ ਆਪਣੀਆਂ ਚਾਰ ਉਦਾਸੀਆਂ ਦੌਰਾਨ ਵੱਖ ਵੱਖ ਧਰਮ ਸਥਾਨਾਂ ਦੀ ਯਾਤਰਾ ਕੀਤੀ ਅਤੇ ਲੋਕਾਂ ਨੂੰ, ਸਣੇ ਪੁਜਾਰੀ ਵਰਗ ਨੂੰ ਇੱਕ ਨਿਰੰਕਾਰ ਨਾਲ ਜੋੜਨ ਦਾ ਉਪਰਾਲਾ ਕੀਤਾ ਸਿਰਫ ਦਲੀਲਾਂ ਦੇ ਕੇ ਪਰ ਕਿਸੇਨੂੰ ਕੋਈ ਕੌੜਾ ਲ਼ਫ਼ਜ਼ ਤੱਕ ਨਹੀਂ ਕਿਹਾ।

ਉਸ ਸਮੇਂ ਨਾ ਹਿੰਦੂ ਅਤੇ ਨਾਹੀਂ ਇਸਲਾਮੀ ਲੋਕ ਔਰਤ ਨੂੰ ਕੋਈ ਸਨਮਾਨ ਦਿੰਦੇ ਸਨ ਪਰ ਬੜੇ ਸਪਸ਼ਟ ਲਫ਼ਜ਼ਾਂ ਵਿੱਚ ਸਭਨੂੰ ਸਮਝਾਇਆ ਕਿ 'ਸੋ ਕਿਉਂ ਮੰਦਾ ਆਖੀਏ ਜਿਤ ਜੰਮੇ ਰਾਜਾਨ', ਔਰਤ ਨੂੰ ਪੀਰਾਂ, ਪੈਗੰਬਰਾਂ , ਰਾਜੇ, ਯੋਧਿਆਂ ਅਵਤਾਰਾਂ ਦੀ ਜਨਮ ਦਾਤੀ ਕਿਹਾ ਅਤੇ ਸਤੀ ਪ੍ਰਥਾ ਦਾ ਪੁਰਜ਼ੋਰ ਖੰਡਨ ਕੀਤਾ।

ਗੁਰੂ ਜੀ ਨੇ ਆਪਣੀ ਜ਼ਿੰਦਗੀ ਦੇ ਆਖਰੀ 18 ਸਾਲ ਕਰਤਾਰਪੁਰ (ਪਾਕਿਸਤਾਨ) ਵਿੱਚ ਹੱਥੀਂ ਕਿਰਤ ਕਰਕੇ ਬਤੀਤ ਕੀਤੇ ਅਤੇ ਸਮਾਜ ਨੂੰ ਦੱਸਿਆ ਕਿ ਕਿਰਤ ਕਰਨੀ ਪ੍ਰਮਾਤਮਾ ਦੀ ਸੱਚੀ ਭਗਤੀ ਹੈ, ਵੰਡ ਛਕਣਾ ਅਤੇ ਲੋੜਵੰਦ ਦੀ ਸਹਾਇਤਾ ਕਰਨੀ ਹੀ ਇੱਕ ਸੱਚਾ ਧਰਮ ਹੈ।ਆਪਣੀਆਂ ਉਦਾਸੀਆਂ ਦੌਰਾਨ ਭਗਤਾਂ ਦੀ ਬਾਣੀ ਨੂੰ ਜਿਹੜੀ ਗੁਰੂ ਜੀ ਦੀ ਸੋਚ ਤੇ ਪੂਰੀ ਉੱਤਰਦੀ ਸੀ ਨੂੰ ਪੋਥੀ ਰੂਪ ਦੇਕੇ ਇਹ ਅਣਮੋਲ ਖਜ਼ਾਨਾ ਭਾਈ ਲਹਿਣਾ ਜੀ ਨੂੰ ਗੁਰ ਗੱਦੀ ਦੇਣ ਵੇਲੇ ਸੌਂਪਿਆ ਜੋ ਅੱਜ ਸਾਡੇ ਕਲਿਆਣ ਲਈ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਵਿੱਚ ਸਾਡੀ ਅਗਵਾਈ ਕਰ ਰਿਹਾ ਹੈ।

ਇਸ ਤਰ੍ਹਾਂ ਗੁਰੂ ਸਾਹਿਬ ਜੀ ਨੇ ਸਮੁੱਚੇ ਸੰਸਾਰ ਨੂੰ ਧਾਰਮਿਕ,ਸਮਾਜਿਕ,ਆਰਥਕ ਅਤੇ ਰਾਜਨੀਤਕ ਇਨਕਲਾਬਾਂ ਦੀ ਸੋਝੀ ਪ੍ਰਦਾਨ ਕੀਤੀ ਜਿਸਦੇ ਫਲਸਰੂਪ ਦੁਨੀਆਂ ਦੇ ਕਈ ਦੇਸ਼ਾਂ ਨੇ ਇਸ ਸੋਚ ਨੂੰ ਅਪਣਾਕੇ ਆਪਣੇ ਸਮਾਜ ਨੂੰ ਗੌਰਵਮਈ ਬਣਾ ਲਿਆ।

ਇਸਦੇ ਸਬੰਧ ਵਿੱਚ ਇੱਕ ਗੱਲ ਕਹਿਣੀ ਬਣਦੀ ਹੈ ਕਿ ਕਿਸੇ ਸ਼ਾਇਰ ਦੇ ਬੋਲ, "ਬਾਰਿਸ਼ੇ ਰਹਿਮਤ ਹੂਈ ਲੇਕਿਨ ਜ਼ਮੀਂ ਕਾਬਿਲ ਨਾ ਥੀ" ਸਾਡੇ ਭਾਰਤ ਦੇਸ਼ ਤੇ ਖੂਬ ਢੁੱਕਦੀ ਹੈ ਕਿਉਂਕਿ ਗੁਰੂ ਸਾਹਿਬ ਜੀ ਦੇ ਸਿਧਾਂਤ ਨੂੰ ਅਮਲੀ ਜਾਮਾ ਪਹਿਨਾਉਣ ਦੀ ਬਜਾਇ ਸਿਰਫ ਮੱਥਾ ਟੇਕਣ ਤੱਕ ਹੀ ਸੀਮਤ ਕਰਿਆ ਹੋਇਆ ਹੈ।ਕਾਸ਼! ਕਿਧਰੇ ਗੁਰੂ ਸਾਹਿਬ ਜੀ ਦੇ ਪੈਰੋਕਾਰ ਗੁਰੂ ਦੇ ਸਿਧਾਂਤ ਨੂੰ ਅਮਲੀ ਰੂਪ ਦੇਣ ਵਿੱਚ ਮੋਹਰੀ ਹੋ ਜਾਣ।



**ਭੁੱਲ੍ਹਾਂ ਚੁੱਕਾਂ ਦੀ ਖ਼ਿਮਾ।**



# ‘ਬੇਬੇ ਨਾਨਕੀ ਦੀ ਫ਼ਰਿਆਦ’

ਐ ਨਾਨਕ ਮੇਰੇ ਵੀਰ ਪਿਆਰੇ , ਲੈ ਤੂੰ ਬਦਲ ਖਿਆਲਾਂ ਨੂੰ,
ਕਿਸ ਸਹਾਰੇ ਤੂੰ ਛੱਡ ਚੱਲਿਐਂ, ਇਹਨਾਂ ਸੋਹਣਿਆਂ ਲਾਲਾਂ ਨੂੰ।
ਪੁੱਛਣਗੇ ਜਦ ਬਾਲ ਪਿਆਰੇ , ਗਏ ਕਿੱਥੇ ਨੇ ਪਿਤਾ ਹਮਾਰੇ।
ਅੱਖੀਆਂ ਵਿੱਚੋਂ ਨੀਰ ਵਗਾਕੇ , ਕਰਨਗੇ ਰੋਜ਼ ਸਵਾਲਾਂ ਨੂੰ।
ਕਿਸ ਸਹਾਰੇ ਤੂੰ ਛੱਡ ਚੱਲਿਐਂ, ਇਹਨਾਂ ਸੋਹਣਿਆਂ ਲਾਲਾਂ ਨੂੰ।
ਤਰਲੇ ਪਾਉਂਦੀ ਭਾਬੋ ਮੇਰੀ , ਮੰਨ ਕਹਿਣਾ ਮੈਂ ਭੈਣ ਹਾਂ ਤੇਰੀ।
ਮਾਪਿਆਂ ਨੂੰ ਦੱਸ ਕੌਣ ਸੰਭ੍ਹਾਲੂ, ਤੱਕ ਇਨ੍ਹਾਂ ਦਿਆਂ ਹਾਲਾਂ ਨੂੰ,
ਕਿਸ ਸਹਾਰੇ ਤੂੰ ਛੱਡ ਚੱਲਿਐਂ, ਇਹਨਾਂ ਸੋਹਣਿਆਂ ਲਾਲਾਂ ਨੂੰ।
ਪੁੱਤਰ ਘਰ ਦੀ ਸ਼ਾਨ ਨੇ ਹੁੰਦੇ , ਮਾਤਾ ਪਿਤਾ ਦੀ ਜਾਨ ਨੇ ਹੁੰਦੇ।
ਨੇਕ ਕਮਾਈਆਂ ਕਰ ਕਰ ਜੱਗ ਤੇ , ਦੇਵਣ ਕੱਟ ਜੰਜਾਲਾਂ ਨੂੰ,
ਕਿਸ ਸਹਾਰੇ ਤੂੰ ਛੱਡ ਚੱਲਿਐਂ, ਇਹਨਾਂ ਸੋਹਣਿਆਂ ਲਾਲਾਂ ਨੂੰ।
ਜੱਗ ਸਾਰਾ ਪਿਆ ਤਾਨ੍ਹੇ ਮਾਰੂ,‘ਕਰਮ’ ਵਿਛੋੜਾ ਕਿਵੇਂ ਸਹਾਰੂ।
ਤਾਂਘ ਮਿਲਣ ਦੀ ਦਿਲ’ਚ ਰੱਖਕੇ,ਗਿਣੂ ਕਿਵੇਂ ਉਹ ਸਾਲਾਂ ਨੂੰ,
ਕਿਸ ਸਹਾਰੇ ਤੂੰ ਛੱਡ ਚੱਲਿਐਂ, ਇਹਨਾਂ ਸੋਹਣਿਆਂ ਲਾਲਾਂ ਨੂੰ।

# ਨਾਨਕ ਵੀਰ

ਜਦੋਂ ਨਾਨਕ ਪਾਤਸ਼ਾਹ ਵੇਈਂ ਨਦੀ ਵਿੱਚੋਂ ਇਸ਼ਨਾਨ ਕਰਕੇ ਬਾਹਰ ਨਹੀਂ ਆਏ ਤਾਂ ਭੈਣ ਨਾਨਕੀ ਨੂੰ ਉਸਦੀ ਸਹੇਲੀ ਉਸ ਨਾਲ ਹਮਦਰਦੀ ਪ੍ਰਗਟਾਉਂਦੀ ਇਹ ਖਬਰ ਦੱਸ ਰਹੀ ਹੈ। ਭੈਣ ਨਾਨਕੀ ਦੇ ਉਸ ਨਾਲ ਸਵਾਲ ਜਵਾਬ :

ਸਹੇਲੀ ਸੁਣ ਸਖੀਏ ਗੱਲ ਮੇਰੀ ਨੀ ਤੂੰ, ਭੈਣੇ ਨਾਨਕ ਵੀਰ ਦੀਏ।
ਤੇਰਾ ਵਿਛੁੜਿਆ ਵੀਰ ਪਿਆਰਾ ਨੀ, ਮਾਰੀ ਤਕਦੀਰ ਦੀਏ।
ਭੈਣ ਨਾਨਕੀ ਕੀ ਭੋਲ੍ਹੀਆਂ ਗੱਲਾਂ ਕਰਦੀ, ਉਹ ਤਾਂ, ਰੂਪ ਹੈ ਰੱਬ ਦਾ ਨੀ।
ਨਾ ਮੁੱਖ’ਚੋਂ ਮੰਦਾ ਬੋਲ, ਸਹਾਰਾ ਉਹ ਤਾਂ ਜੱਗ ਦਾ ਨੀ।
ਸਹੇਲੀ ਅੰਮ੍ਰਿਤ ਵੇਲੇ ਉਠ ਕੇ ਨੀ ਉਹ, ਰੋਜ਼ ਨਦੀ ਵੱਲ ਜਾਵੇ।
ਕਰ ਇਸ਼ਨਾਨ ਨਦੀ ਵਿੱਚ ਉਹ, ਬੈਠ ਸਮਾਧੀ ਲਾਵੇ।
ਆਇਆ ਨਹੀਂ ਅੱਜ ਬਾਹਰ ਨਦੀ’ਚੋਂ, ਨਾ ਕੋਈ ਖਬਰ ਸਰੀਰ ਦੀ ਏ।
ਤੇਰਾ ਵਿਛੁੜਿਆ ਵੀਰ..................।
ਭੈਣ ਨਾਨਕੀ ਸੁਣ ਲੋਕਾਂ ਦੀਏ ਗੱਲਾਂ ਸਈਏ, ਮੈਨੂੰ ਹਾਸਾ ਆਵੇ।
ਬੇ-ਸਮਝੀ ਵਿੱਚ ਆ ਕੇ ਦੁਨੀਆਂ, ਗੱਲਾਂ ਝੂਠ ਬਣਾਵੇ।
ਪਿਆ ਤੈਨੂੰ ਕੋਈ ਹੋਊ ਭੁਲੇਖਾ, ਮੈਨੂੰ ਸੱਚ ਨਾ ਲੱਗਦਾ ਨੀ।
ਨਾ ਮੁੱਖ’ਚੋਂ ਮੰਦਾ ਬੋਲ..............।
ਸਹੇਲੀ - ਦੋਸ਼ ਨਾ ਭੈਣੇ ਦੇ ਤੂੰ ਮੈਨੂੰ, ਮੈਂ ਹਮਦਰਦਣ ਤੇਰੀ ਨੀ,
ਜਲਦੀ ਕਰ ਕੋਈ ਹੀਲਾ, ਨਾ ਲਾ ਬਹੁਤੀ ਦੇਰੀ ਨੀ।
ਅੱਖੀਆਂ ਨਾਲ ਮੈਂ ਤੱਕਿਆ, ਨੀ ਗੱਲ ਤੇਰੇ’ਈ ਵੀਰ ਦੀ ਏ।
ਤੇਰਾ ਵਿਛੁੜਿਆ ਵੀਰ..................।
ਭੈਣ ਨਾਨਕੀ - ਜਾ ਸਈਏ ਕੰਮ ਕਰ ਤੂੰ ਆਪਣਾ, ਕਿਉਂ ਤੂੰ ਵਕਤ ਗੁਆਉਂਦੀ।
ਕਿਉਂ ਅਣਹੋਈਆਂ ਗੱਲਾਂ ਕਰ-ਕਰ, ‘ਕਰਮ’ ਦਾ ਦਿਲ ਦੁਖਾਉਂਦੀ।
ਮੇਰੇ ਵੀਰ ਨੂੰ ਇਹ ਗੱਲ ਕਹਿਕੇ, ਤੈਨੂੰ ਕੀ ਏ ਲੱਭਦਾ ਨੀ।
ਨਾ ਮੁੱਖ’ਚੋਂ ਮੰਦਾ ਬੋਲ..............।

## ਸ਼੍ਰੀ ਗੁਰੂ ਨਾਨਕ ਦੇਵ ਜੀ ਦੀ ਉਸਤਤਿ ਅਤੇ ਉਪਦੇਸ਼ਾਂ ਬਾਰੇ ਲਿਖੀਆਂ ਕਰਮ ਸਿੰਘ ‘ਕਰਮ’ ਦੀਆਂ ਕਵਿਤਾਵਾਂ



# ਨਾਨਕ ਦੁਨੀਆਂ ਕੈਸੀ ਹੋਈ

ਸਭ ਜੂਨਾਂ ਤੋਂ ਜਨਮ ਮਨੁੱਖਾ , ਸੁਣਿਐ ਕਹਿੰਦੇ ਉੱਚਾ ਹੁੰਦੈ।
ਬਹੁ ਵੱਡਮੁੱਲਾ ਤੇ ਅਣਮੁੱਲਾ , ਮੋਤੀਆਂ ਵਰਗਾ ਸੁੱਚਾ ਹੁੰਦੈ।
ਇਹ ਦੁਨੀਆਂ ਕਾਹਤੋਂ ਹੈ ਫਿਰ,ਮੈਨੂੰ ਬਦਲੀ ਬਦਲੀ ਲੱਗਦੀ।
ਦੇਖਣ ਨੂੰ ਤਾਂ ਲੱਗਦੀ ਅਸਲੀ, ਵਿੱਚੋਂ ਹੈ ਪਰ ਨਕਲੀ ਲੱਗਦੀ।
ਜਰਦਾ ਨੀਂ ਕੋਈ ਗੱਲ ਕਿਸੇਦੀ,ਹੋਈ ਫਿਰਦੀ ਪਗਲੀ ਲੱਗਦੀ।
ਸੱਚ ਦਾ ਰਸਤਾ ਛੱਡਕੇ ਇਹ,ਝੂਠ ਦੀ ਹੋ ਗੀ ਅਮਲੀ ਲੱਗਦੀ।
ਵਿੱਚ ਭੁਲੇਖੇ ਫਸਕੇ ਇਹ, ਦਲ-ਦਲ ਦੇ ਵਿੱਚ ਧੱਸ੍ਹਗੀ ਲੱਗਦੀ।
ਭੁੱਲ੍ਹ ਗਈ ਆਪਣੇ ਦੇਣਹਾਰ ਨੂੰ, ਮੱਤ ਏਸ ਦੀ ਘਸ੍ਹਗੀ ਲੱਗਦੀ।
ਮਾਣਸ ਦੀ ਤਾਂ ਜ਼ਾਤ ਹੈ ਮਾਣਸ,ਜਨਮ ਸਮੇਂ ਜੋ ਭਲਾ ਹੈ ਮਾਣਸ।
ਜਿਉਂ ਜਿਉਂ ਵਧਦਾ ਫੁੱਲਦਾ ਜਾਵੇ, ਭਲਾ ਭਲਾਈ ਭੁੱਲ੍ਹਦਾ ਜਾਵੇ।
ਮਾਫ਼ ਕਿਸੇ ਨੂੰ ਕਦੇ ਨੀਂ ਕਰਦਾ, ਦੇਖ ਕਿਸੇ ਨੂੰ ਕਦੇ ਨੀਂ ਜਰਦਾ।
ਧੋਖਾ ਠੱਗੀ ਕਰਨ ਦੇ ਵੇਲੇ, ਇਹ ਰੱਬ ਦੇ ਕੋਲੋਂ ਵੀ ਨਹੀਂ ਡਰਦਾ।
ਬਣ ਮਤਲਬੀ ਸਭ ਕੁੱਝ ਕਰਦਾ, ਰਹਿੰਦਾ ਹਰਦਮ ਹਾਮ੍ਹੀ ਭਰ੍ਹਦਾ।
ਹੋ ਜਾਂਦਾ ਜਦ ਮਤਲਬ ਪੂਰਾ, ਭੁੱਲ ਜਾਂਦਾ ਅਹਿਸਾਨ ਉਹ ਸਾਰੇ।
ਖ਼ੁਦਰਗਜ਼ੀ ਦੇ ਵਿੱਚ ਫ਼ਸ ਜਾਂਦਾ, ਤੋੜ ਹੈ ਦਿੰਦਾ ਨਾਤੇ ਪਿਆਰੇ।
ਦਇਆ ਨਹੀਂ ਕਰਦਾ, ਨਿਵ ਨਹੀਂ ਰਹਿੰਦਾ ,
ਗੱਲ ਕਿਸੇ ਦੀ ਕਦੇ ਨਹੀਂ ਸਹਿੰਦਾ।
ਪੰਜ ਵਿਕਾਰਾਂ ਵਿੱਚ ਗ੍ਰਸਿਆ, ਬੱਸ ਮੇਰੀ-ਮੇਰੀ ਕਰਦਾ ਰਹਿੰਦਾ।
ਸਦਾ ਕਹੇ ਮੈਂ ਹੀ ਹਾਂ ਵੱਡਾ,ਨਾਲ ਪਿਆਰ ਮਿਲ ਕਦੇ ਨੀਂ ਬਹਿੰਦਾ।
ਖ਼ੁਸ਼ੀ ਮਨਾਵੇ ਦਿਲ ਦੇ ਅੰਦਰ , ਦੇਖ ਕਿਸੇ ਦੇ ਘਰ ਨੂੰ ਢਹਿੰਦਾ।
ਦੇਖ ਦੇਖਕੇ ਇਸ ਮਾਣਸ ਨੂੰ,ਗੱਲ‘ਨਾਨਕ’ ਦੀ ਯਾਦ ਹੈ ਆਉਂਦੀ।
ਨਾਲ ਹੈਰਾਨੀ ਸੀ ਜੋ ਆਖੀ, ਹਰ ਇੱਕ ਦੇ ਹੈ ਮਨ ਨੂੰ ਭਾਉਂਦੀ।
‘ਨਾਨਕ ਦੁਨੀਆਂ ਕੈਸੀ ਹੋਈ ਸਾਲਿਕ ਮਿੱਤ ਨਾ ਰਹਿਓ ਕੋਈ’
ਤੂੰ ਤਾਂ ਬਾਬਾ’ਸੱਚ ਕਿਹਾ ਸੀ,ਪਰ ਕਈ ਸਮਝ੍ਹਣ ਕੱਚ ਕਿਹਾ ਸੀ।
ਨਾਉਂ ਤਾਂ ਤੇਰਾ ਸਭ ਲੈਂਦੇ ਨੇ, ਧੰਨ-ਧੰਨ ਬਾਬਾ ਸਭ ਕਹਿੰਦੇ ਨੇ।
ਘੱਟ ਹੀ ਸੁਣਦੇ ਤੇਰੀ ਗੱਲ ਨੂੰ, ਸਭ ਖਿੱਚਦੇ ਨੇ ਆਪਣੇ ਵੱਲ ਨੂੰ।
ਨਾ ਇਹ ਪਤਾ ਕਿਸੇ ਨੂੰ ਕੋਈ, ਹੋ ਕੀ ਜਾਣਾ ਹੈ ਕੁੱਝ ਕੱਲ੍ਹ ਨੂੰ।
ਜੇ ਤੂੰ ਆਕੇ ਦੇਖੇਂ ਬਾਬਾ, ਕੀ-ਕੀ ਇਹ ਕਰੀ ਨੇ ਜਾਂਦੇ।
ਵਿੱਚ ਹਾਉਮੈਂ ਦੇ ਫਸਕੇ ਇਹ, ਆਪਸ ਵਿੱਚ ਹੀ ਲੜ੍ਹੀ ਨੇ ਜਾਂਦੇ।
ਵਿੱਚ ਵਹਿਮਾਂ ਦੇ ਫਸਗੇ ਮੁੜਕੇ,ਦਲਦਲ ਦੇ ਵਿੱਚ ਧਸ੍ਹਗੇ ਮੁੜਕੇ।
ਭੁੱਲ੍ਹ ਗਏ ਤੇਰੇ ਸਬਕਾਂ ਤਾਈਂ,ਮਰ ਜਾਣਾ ਇਨ੍ਹਾਂ ਕੋਹੜ’ਚ ਕੁੜ੍ਹਕੇ।
ਨਾ ਦਿਸਦਾ ਕੋਈ ਸੱਚ ਦਾ ਸੰਗੀ, ਨਾ ਹੀ ਦਿਸਦਾ ਮਿੱਤਰ ਕੋਈ।
ਹੀਰੇ ਵਰਗਾ ਜਨਮ ਮਨੁੱਖਾ , ਇਹ ਵਿੱਚ ਭੁਲੇਖੇ ਜਾਵਣ ਖੋਈ।
ਚੱਲਣ ਲਈ ਤੂੰ ਇਸ ਦੁਨੀਆਂ ਨੂੰ, ਜੋ ਸੀ ਇੱਕੋ ਰਾਹ ਦਿਖਾਇਆ।
ਸੰਤੋਖ,ਨਿਮ੍ਰਤਾ,ਮਿੱਠ ਬੋਲਣ ਤੇ ਦਇਆ ਕਰਨ ਦਾ ਪਾਠ ਪੜ੍ਹਾਇਆ।
ਨਾ ਕੋ ਬੈਰੀ ਨਹੀਂ ਬਿਗਾਨਾ, ਨਾਲ ਪਿਆਰ ਸੀ ਤੂੰ ਸਮਝ੍ਹਾਇਆ।
‘ਕ੍ਰਿਤ ਕਰੋ ਤੇ ਵੰਡ ਕੇ ਖਾਵੋ, ਨਾਮ ਜਪਣ’ ਦਾ ਹੁਕਮ ਸੁਣਾਇਆ।
ਇਸਦੇ ਬਾਝ੍ਹੋਂ ਵਿੱਚ ਦੁਨੀਆਂ ਦੇ, ਕੋਈ ਆਇਆ ਜਾਂ ਨਾ ਆਇਆ।
ਨਾਂ ਛੱਡੀਂ ਤੂੰ‘ਕਰਮ’ਇਹ ਰਸਤਾ, ਮਸਾਂ ਮਸਾਂ ਹੈ ਤੈਨੂੰ ਥਿਆਇਆ।

# ਗੁਰੂ ਨਾਨਕ ਨੇ ਸੱਚ ਕਿਹਾ ਸੀ

ਜਦ ਗੁੰਗੀ ਧਰਤੀ ਦਾ ਸੀਨਾ,ਜ਼ੁਲਮ ਦੀ ਅੱਗ’ਚ ਮੱਚ ਰਿਹਾ ਸੀ।
ਨਾਨਕ ਨੇ ਫਿਰ ਗੱਜ ਕਿਹਾ ਸੀ,ਤੇ ਢੋਲ੍ਹ ਸੱਚ ਦਾ ਵੱਜ ਪਿਆ ਸੀ।
ਚੰਗਾ ਨਹੀਓਂ! ਰੱਬ ਦੇ ਬੰਦਿਓ, ਨਾਲ ਕਿਸੇ ਦੇ ਜ਼ੁਲਮ ਕਮਾਉਣਾ।
ਮੰਦਾ ਜੇ ਕੋਈ ਕਰੂਗਾ ਜੱਗ ਤੇ, ਮੰਦਾ ਹੀ ਉਸ ਫਲ਼ ਹੈ ਪਾਉਣਾ।
ਇਸ ਲਈ ਛੱਡਦੋ ਇਹ ਨੀਤੀ, ਪਾਪ ਦਾ ਰਸਤਾ ਨਾ ਅਪਣਾਓ।
ਇੱਕੋ ਨੂਰ ਤੋਂ ਸਭ ਉਪਜੇ ਨੇ , ਵਿੱਚ ਮਨੁੱਖਤਾ ਵੰਡ ਨਾ ਪਾਓ।
ਜ਼ਾਤਾਂ ਦਾ ਹੰਕਾਰ ਛੱਡ ਦਿਓ , ਗੁਣਵਾਨਾਂ ਨੂੰ ਗਲ਼ ਨਾਲ ਲਾਓ।
ਤਿਆਗੋ ਸਾਰੇ ਜ਼ਾਤੀ ਨਫ਼ਰਤ , ਨਾ ਵੈਰ ਕਿਸੇ ਦੇ ਨਾਲ ਵਧਾਓ।
ਕਰਨੀ ਕ੍ਰਿਤ ਨਾ ਕਦੇ ਵੀ ਭੁੱਲੋ , ਦੇਣਹਾਰ ਦੇ ਰਲ ਗੁਣ ਗਾਓ।
ਲੋੜਵੰਦਾਂ ਦੀਆਂ ਪੂਰੋ ਲੋੜਾਂ , ਦਰਦਮੰਦਾਂ ਦਾ ਦਰਦ ਵੰਡਾਓ।
ਏਸ ਸੱਚ ਦੀ ਲੋੜ ਬੜੀ ਸੀ , ਅੱਜ ਵੀ ਇਸਦੀ ਲੋੜ ਬੜੀ ਹੈ।
ਜ਼ਾਤ ਪਾਤ ਤੇ ਨਫ਼ਰਤ ਵਾਲੀ , ਬਣ ਗਈ ਵੱਡੀ ਫੇਰ ਥੜ੍ਹੀ ਹੈ।
ਗੁਰੂ ਨਾਨਕ’ ਦੇ ‘ਸੱਚ’ ਦੁਆਲੇ , ਧੁੰਧ ਪਾਪ ਦੀ ਫੇਰ ਚੜ੍ਹੀ ਹੈ।
ਵਿੱਚ ਮਨੁੱਖਤਾ ਵੰਡ ਪਾਉਣ ਲਈ, ਛੁਰੀ ਸ਼ੈਤਾਨ ਨੇ ਫੇਰ ਫੜ੍ਹੀ ਹੈ।
ਭਿੱਟਦੇ ਸੀ ਕੱਲ ਜਿਨ੍ਹਾਂ ਦੇ ਸਾਏ , ਗੁਰੂ ਨਾਨਕ ਨੇ ਹੱਕ ਦਿਵਾਏ।
ਲੈ ਕੇ ਬੁੱਕਲ ਵਿੱਚ ਉਹਨਾਂ ਨੂੰ ,ਉਹ ਨਾਲ ਸ਼ਾਨ ਦੇ ਕੋਲ ਬਿਠਾਏ।
ਦੇਖ ਤੇਰੇ ਉਪਕਾਰ ਦੇ ਬਦਲੇ, ਰਾਹ ਇਨ੍ਹਾਂ ਨੇ ਕਿਵੇਂ ਹੈ ਬਦਲੇ।
ਮੱਤਹੀਣ ਇਹ ਬਣ ਏ ਬਾਬਾ , ਫਿਰਦੇ ਜੱਗ’ਚ ਜਿਵੇਂ ਹੈ ਪਗਲੇ।
ਜਿਨ੍ਹਾਂ ਲਈ ਖਾਧੇ ਇੱਟਾਂ ਪੱਥਰ, ਉਹ ਦੂਰ ਤੇਰੇ ਤੋਂ ਹੋਣਾ ਚਾਹੁੰਦੇ।
ਕੱਢ੍ਹ ਕੇ ਆਪਣਾ ਮਤਲਬ ਉਹ, ਵੱਖਰਾ ਰਾਹ ਚਲਾਉਣਾ ਚਾਹੁੰਦੇ।
ਤੱਕ ਲੈ ਆਕੇ ਖ਼ੁਦ ਹੀ ਬਾਬਾ, ਅਹਿਸਾਨ ਇਹ ਤੇਰੇ ਭੁੱਲ੍ਹੀ ਜਾਂਦੇ।
ਸਿੰਮਲ ਦੇ ਇਹ ਰੁੱਖ ਦੇ ਵਾਂਗੂੰ , ਐਵੇਂ ਈਂ ਵਧੀ ਤੇ ਫੁੱਲੀ ਜਾਂਦੇ।
ਵਿੱਚ ਭੁਲੇਖੇ ਫਸ ਗਏ ਲੱਗਦੇ,ਦਲਦਲ ਦੇ ਵਿੱਚ ਧੱਸ ਗਏ ਲੱਗਦੇ।
ਤੇਰਾ ਇਹ ਉਪਕਾਰ ਹੈ ਭੁੱਲ੍ਹ ਗਏ,ਲੱਗਦੈ ਹਊਮੈਂ ਦੇ ਵਿੱਚ ਰੁਲਗੇ।
ਭੁੱਲ ਜਾਵੇ ਅਹਿਸਾਨ ਜੋ ਕੀਤਾ, ਕੋਈ ਉਸ ਦੇ ਵੱਲ ਨਹੀਂ ਹੁੰਦਾ।
ਭਾਰ ਇਹੋ ਜਿਹੇ ਅਕ੍ਰਿਤਘਣਾ ਦਾ,ਧਰਤੀ ਤੋਂ ਵੀ ਝੱਲ੍ਹ ਨੀਂ ਹੁੰਦਾ।
ਜੇ ਤੂੰ ਮੇਰੀ, ਸੁਣੇ ਬੇਨਤੀ, ਇੱਕ ਵਾਰੀ, ਫਿਰ ਜੱਗ ਤੇ ਆ ਜਾ।
ਬੇਸਮਝ੍ਹਾਂ ਦਾ ਭਰ੍ਹਮ ਮਿਟਾਦੇ,ਪਿਆ ਜੋ ਪੜਦਾ ਮੱਤ ਤੋਂ ਲਾਹਜਾ।
ਨਹੀਂ ਤਾਂ ਇਹ ਰੁਲ ਜੂ ਮੁੜਕੇ, ਬੈਠ ਸਕੂ ਨਾ ਕਦੇ ਵੀ ਜੁੜਕੇ।
ਇਹ ਖੇਰੂੰ-ਖੇਰੂੰ ਹੋ ਜਾਊਗਾ, ਮਰ ਜਾਊ ਇਸ ਕੋਹੜ’ਚ ਕੁੜ੍ਹਕੇ।
ਤੂੰ ਤਾਂ ਬਾਬਾ ਸੱਚ ਕਿਹਾ ਸੀ, ਪਰ ਇਹ ਸਮਝ੍ਹੇ ਕੱਚ ਕਿਹਾ ਸੀ।
ਸੁਣਕੇ ਤੇਰੇ ਸੱਚ ਨੂੰ ਬਾਬਾ, ‘ਮੰਨੂ’ ਦਾ ਹਿਰਦਾ ਮੱਚ ਪਿਆ ਸੀ।
ਪਰ‘ਕਰਮ’ ਤੇਰਾ ਅਹਿਸਾਨਮੰਦ ਹੈ, ਦੇਣਦਾਰ ਹੈ ਕਰਜ਼ਦਾਰ ਹੈ।
ਵਿੱਚ ਜਿੰਦਗੀ ਦੇ ਸਾਰੀ ਬਾਬਾ, ਕਦੇ ਨਾ ਇਹ ਉਪਕਾਰ ਭੁਲਾਊ।
ਕਿਉਂਕਿ ਤੇਰੀ ਧੁਰ ਕੀ ਬਾਣੀ, ਸਭ ਦੀ ਹੈ ਇਹ ਓਟ ਸਤਾਣੀ।
ਜੋ ਲੜ੍ਹ ਇਸਦੇ ਲੱਗਦਾ ਜਾਊ , ਵਾਰ-ਵਾਰ ਤੈਨੂੰ ਸੀਸ ਝੁਕਾਊ।

# ਨਾਮੇ ਨਾਰਾਇਣ ਨਾਹੀ ਭੇਦ

**ਕਰਮ ਸਿੰਘ ਕਰਮ**



ਨਾਮਦੇਵ ਨੂੰ ਨਾਲ ਪਿਆਰ ਦੇ,ਪਿਤਾ ਨੇ ਆਪਣੇ ਕੋਲ ਬੁਲਾਇਆ
ਗੱਲਾਂ ਸੁਣੀ ਧਿਆਨ ਲਗਾ ਕੇ, ਨਾਮਦੇਵ ਨੂੰ ਕਹਿ ਸਮਝ੍ਹਾਇਆ।
ਪੁੱਤਰ !ਮੈਂ ਕਿਧਰੇ ਹੈ ਕੁੱਝ ਦਿਨਾਂ ਲਈ,ਕੰਮ ਕਿੱਤੇ ਤੇ ਬਾਹਰ ਜਾਣਾ।
ਤੂੰ ਘਰ ਦੇ ਸਾਰੇ ਕੰਮ ਸੰਭ੍ਹਾਲੀਂ , ਬਣ ਕੇ ਮੇਰਾ ਪੁੱਤ ਸਿਆਣਾ।
ਨਹੀਂ ਅਣਗਹਿਲੀ ਤੈਂ ਕੋਈ ਕਰਨੀਂ,ਨਾਹੀਂ ਐਵੇਂ ਵਕਤ ਗੁਆਣਾ।
ਕਰੀਂ ਤੂੰ ਪੂਜਾ ਠਾਕਰ ਦੀ ਵੀ, ਭੁੱਲ੍ਹ ਨਾ ਜਾਵੀਂ ਦੁੱਧ ਪਿਲਾਣਾ।
ਸਤਿਬਚਨ ਕਹਿ ਨਾਮਦੇਵ ਨੇ,ਪਿਤਾ ਨੂੰ ਆਪਣਾ ਸੀਸ ਝੁਕ੍ਹਾਇਆ।
ਉਵੇਂ ਈਂ ਸਾਰੇ ਕੰਮ ਕਰੂੰਗਾ , ਜਿਵੇਂ ਤੁਸੀਂ ਹੈ ਕਹਿ ਫੁਰਮਾਇਆ।
ਤੁਰਗੇ ਪਿਤਾ ਜੀ ਇਹ ਗੱਲ ਕਹਿਕੇ, ਅੱਛਾ ਪੁੱਤਰ ਰਾਜ਼ੀ ਰਹੁ ਤੂੰ।
ਜੋ ਜੋ ਗੱਲਾਂ ਮੈਂ ਦੱਸਕੇ ਚੱਲਿਆਂ, ਭੁੱਲ੍ਹ ਨਾ ਜਾਵੀਂ ਰੱਖਣਾ ਥਹੁ ਤੂੰ।
ਮੰਨ ਨਾਮਦੇਵ ਨੇ ਹੁਕਮ ਪਿਤਾ ਦਾ, ਘਰ ਦੇ ਸਾਰੇ ਕੰਮ ਸੰਭ੍ਹਾਲੇ।
ਕੀ ਕਰਨੇ ਤੇ ਕੀ ਨਹੀਂ ਕਰਨੇ, ਆਪਣੇ ਹਿਰਦੇ ਵਿੱਚ ਵਸਾ ਲਏ।
ਦੂਜੇ ਦਿਨ ਉਸ ਅੰਮ੍ਰਿਤ ਵੇਲੇ, ਕਾਇਆਂ ਆਪਣੀ ਸ਼ੁੱਧ ਬਣਾਕੇ।
ਕਰ ਚੇਤੇ ਉਪਦੇਸ਼ ਪਿਤਾ ਦੇ , ਮਨ ਵਿੱਚ ਉਨ੍ਹਾਂ ਤਾਂਈਂ ਦ੍ਰਿੜਾ ਕੇ
ਠਾਕੁਰ ਨੂੰ ਇਸ਼ਨਾਨ ਕਰਾਇਆ,ਧੂਫ ਧੁਖ੍ਹਾ ਮੱਥੇ ਟਿੱਕਾ ਲਾਇਆ,
ਜਲਦੀ ਜਾਕੇ ਠਾਕਰ ਦੇ ਲਈ,ਕਪਲ ਗਊ ਨੂੰ ਚੋ ਲੈ ਆਇਆ।
ਭਰ ਕਟੋਰਾ ਦੁੱਧ ਦਾ ਉਸਨੇ , ਠਾਕਰ ਅੱਗੇ ਲਿਆ ਟਿਕਾਇਆ।
ਕਰੀ ਬੇਨਤੀ ਠਾਕਰ ਤਾਈਂ , ਦੁੱਧ ਪੀਓ ਮੇਰੇ ਗੋਬਿੰਦ ਰਾਇਆ।
ਨਾਮਦੇਵ ਦਾ ਨਿਰਮਲ ਹਿਰਦਾ, ਘੜੀ ਮੁੜੀ ਇਹ ਅਰਜ਼ ਗੁਜ਼ਾਰੇ।
ਦੁੱਧ ਪੀਓ ਜੀ ਕਰੋ ਸ਼ਤਾਬੀ, ਠਾਕਰ ਮੇਰੇ ਪ੍ਰਭੂ ਪਿਆਰੇ।
ਜੇ ਨਾ ਪੀਤਾ ਦੁੱਧ ਤੁਸੀਂ ਅੱਜ, ਪਿਤਾ ਜੀ ਮੈਨੂੰ ਝਿੜ੍ਹਕਾਂ ਮਾਰੂ।
ਭੁੱਖ੍ਹਾ ਰੱਖਿਆ ਠਾਕਰ ਤਾਈਂ,ਇਹ ਗੱਲ ਪਿਤਾ ਜੀ ਕਿਵੇਂ ਸਹਾਰੂ।
ਇਸ ਲਈ ਪ੍ਰਭੂ ਮੇਰੇ ਠਾਕਰ ਪਿਆਰੇ , ਦੁੱਧ ਪੀਓ ਗੋਬਿੰਦੇ ਜੀ।
ਹੱਥ ਬੰਨ੍ਹ ਅਰਦਾਸ ਹੈ ਮੇਰੀ,ਤੇਰੇ ਚਰਨਾਂ ਵਿੱਚ ਹਰ ਬਿੰਦੇ ਜੀ।
ਨਾਲ ਪਿਆਰ ਦੇ ਇੱਕ ਮਨ ਹੋਕੇ, ਨਾਮਦੇਵ ਇਹ ਆਖੀ ਜਾਵੇ।
ਉਤਸੁਕਤਾ ਨਾਲ ਤੱਕੀ ਜਾਵੇ ,ਉਹ ਕਦੋਂ ਕਟੋਰਾ ਮੂੰਹ ਨੂੰ ਲਾਵੇ।
ਉਹ ਇੰਜ ਹੀ ਕਹਿੰਦਾ ਕਹਿੰਦਾ, ਪ੍ਰਭੂ ਪ੍ਰੇਮ ਦੇ ਵਿੱਚ ਖੋ ਗਿਆ।
ਉਸ ਦੀ ਤੱਕ ਕੇ ਸ਼ਰਧਾ ਭਾਵਨਾ, ਨਾਮਦੇਵ ਦਾ ਪ੍ਰਭੂ ਹੋ ਗਿਆ।
ਬੰਦੇ ਤੇ ਭਗਵਾਨ ਚੋਂ ਪਰਦਾ, ਰੱਬ ਨੂੰ ਆਪ ਹਟਾਉਣਾ ਪੈਗਿਆ।
ਨਾਮਦੇਵ ਤੋਂ ਦੁੱਧ ਪੀਣ ਲਈ,ਖ਼ੁਦ ਭਗਵਾਨ ਨੂੰ ਆਉਣਾ ਪੈਗਿਆ।
ਆਕੇ ਉਸਨੇ ਇਹ ਗੱਲ ਆਖੀ,ਇੱਕ ਭਗਤ ਮੇਰੇ ਹਿਰਦੇ ਵਸਿਆ।
ਤੱਕ ਤੱਕ ਉਸ ਦੀ ਪ੍ਰੇਮਾ ਭਗਤੀ , ਨਾਮਦੇਵ ਨੂੰ ਦੇਖ ਕੇ ਹੱਸਿਆ।
ਲਿਆ ਬਈ ਨਾਮੇ! ਦੁੱਧ ਫੜਾ ਹੁਣ, ਭਰਿਆ ਜੋ ਤੂੰ ਪ੍ਰੇਮ ਕਟੋਰਾ।
ਇਸ ਵਾਰੀ ਤਾਂ ਹੋ ਗਈ ਦੇਰੀ, ਅੱਗੋਂ ਤੋਂ ਲਾਊਂ ਦੇਰ ਨਾ ਭੋਰਾ।
ਵਿੱਚ ਖ਼ੁਸ਼ੀ ਦੇ ਸੀਸ ਝੁਕ੍ਹਾ ਕੇ, ਉਸ ਦੁੱਧ ਕਟੋਰਾ ਹੱਥ ਫੜਾਇਆ।
ਰੱਜਕੇ ਦੁੱਧ ਭਗਵਾਨ ਨੇ ਪੀਤਾ, ਨਾਮਦੇਵ ਲੱਖ ਸ਼ੁਕਰ ਮਨਾਇਆ।
ਅੱਛਾ ਭਗਤਾ !ਹੁਣ ਮੈਂ ਚੱਲਿਆਂ , ਫਿਰ ਆਊਂਗਾ ਤੇਰੇ ਕੋਲੇ।
ਨਾਲ ਪ੍ਰੇਮ ਤੂੰ ਬੰਨ੍ਹ ਲਿਆ ਹੈ, ਇਹ ਕਹਿਕੇ ਰੱਬ ਹੋ ਗਿਆ ਓਹਲੇ।
ਨਾਮਦੇਵ ਹਰਿ ਦਰਸ਼ਨ ਪਾ ਕੇ, ਖ਼ੁਸ਼ੀਆਂ ਵਿੱਚ ਭਰਪੂਰ ਹੋ ਗਿਆ।
ਰੱਬ ਰਸਮਾਂ ਦਾ ਹੈ ਨਹੀਂ ਭੁੱਖਾ , ਇਹ ਵੀ ਸ਼ੰਕਾ ਦੂਰ ਹੋ ਗਿਆ।
ਧੰਨ ਧੰਨ ਸਤਿਗੁਰ ਨਾਮਦੇਵ ਜੀ, ਜਿਨ ਹਰਿ ਪਾਇਆ ਸੱਚੀ ਸੇਵ।
ਭਰ੍ਹਦਾ ਹੈ ਗੁਰੂ ਗ੍ਰੰਥ ਗਵਾਹੀ , ਨਾਮੇ ਨਾਰਾਇਣ ਨਾਹੀ ਭੇਦ ॥
ਜੇ ਤੁਸੀਂ ਵੀ ਰੱਬ ਨੂੰ ਪਾਉਣਾ ਲੋਚੋ,ਜੀਵਨ ਸਵਰਗ ਬਣਾਉਣਾ ਲੋਚੋ।
ਮਾਤ ਪਿਤਾ ਦਾ ਹੁਕਮ ਨਾ ਮੋੜੋ , ਪ੍ਰਭ ਚਰਨਾਂ ਵਿੱਚ ਮਨ ਨੂੰ ਜੋੜੋ।
ਨਾਲ ਖ਼ੁਸ਼ੀ ਫਿਰ ਮਨ ਭਰ ਜਾਊ , ਕਰਮ ਦੁੱਖ ਨਾ ਨੇੜੇ ਆਊ।

### ਸ਼੍ਰੀ ਗੁਰੂ ਨਾਨਕ ਦੇਵ ਜੀ ਦੀ ਉਸਤਤਿ ਅਤੇ ਉਪਦੇਸ਼ਾਂ ਬਾਰੇ ਲਿਖੀਆਂ ਕਰਮ ਸਿੰਘ 'ਕਰਮ' ਦੀਆਂ ਕੁਝ ਹੋਰ ਕਵਿਤਾਵਾਂ



## 'ਮੰਨਕੇ ਹੁਕਮ ਅਕਾਲ ਪੁਰਖ ਦਾ'

ਪਾਪਾਂ ਦੀ ਜੜ ਪੁੱਟਕੇ ਭੈਣੇ , ਧਰਮ ਦਾ ਬੂਟਾ ਲਾਉਣਾ ਏਂ,
ਮੰਨਕੇ ਹੁਕਮ ਅਕਾਲ ਪੁਰਖ ਦਾ,ਐਸਾ ਪੰਥ ਚਲਾਉਣਾ ਏਂ।
ਸਭ ਜੂਨਾਂ ਤੋਂ ਉੱਤਮ ਇਹ , ਜਨਮ ਮਨੁੱਖਾ ਮਿਲਿਆ ਏ,
ਕੱਟ ਚੌਰਾਸੀ ਜੂਨਾਂ ਮਗਰੋਂ, ਫੁੱਲ ਕਮਲ ਦਾ ਖਿਲਿਆ ਏ।
ਵਧੂ ਫੁੱਲੂ ਇਹ ਦੇਖੀਂ ਭੈਣੇ, ਨਾ ਇਸ ਨੇ ਮੁਰਝਾਉਣਾ ਏਂ,
ਮੰਨਕੇ ਹੁਕਮ ਅਕਾਲ ਪੁਰਖ ਦਾ,ਐਸਾ ਪੰਥ ਚਲਾਉਣਾ ਏਂ।
ਦੇਖੋ ਕਿਵੇਂ ਸ਼ੈਤਾਨਾਂ ਰਲਕੇ , ਵੰਡਿਆ ਹੈ ਇਨਸਾਨਾਂ ਨੂੰ,
ਇੱਕੋ ਨੂਰ ਤੋਂ ਉਪਜੇ ਸਾਰੇ, ਕੀ ਖਬਰ ਨਹੀਂ ਨਾਦਾਨਾਂ ਨੂੰ।
ਬਣ ਬੈਠੇ ਹੰਕਾਰੀ ਨੇ ਜੋ , ਉਹਨਾਂ ਤਾਈਂ ਸਮਝਾਉਣਾ ਏਂ,
ਮੰਨਕੇ ਹੁਕਮ ਅਕਾਲ ਪੁਰਖ ਦਾ,ਐਸਾ ਪੰਥ ਚਲਾਉਣਾ ਏਂ।
ਵਹਿਮਾਂ ਵਿੱਚ ਫਸਾਕੇ ਸ਼ਾਤਰ, ਭੋਲਿਆਂ ਨੂੰ ਲੁੱਟ ਖਾਂਦੇ ਨੇ,
ਰੱਖਦੇ ਉਨ੍ਹਾਂ ਤਾਈਂ ਡਰਾਕੇ , ਆਪੂੰ ਮੌਜਾਂ ਖ਼ੂਬ ਉਡਾਂਦੇ ਨੇ।
ਇੱਕ ਦੇ ਹੀ ਲੜ ਲਾਕੇ ਸਭਨੂੰ, ਡਰ ਮਨਾਂ'ਚੋਂ ਲਾਹੁਣਾ ਏਂ,
ਮੰਨਕੇ ਹੁਕਮ ਅਕਾਲ ਪੁਰਖ ਦਾ,ਐਸਾ ਪੰਥ ਚਲਾਉਣਾ ਏਂ ।
ਨਹੀਂ ਚਿੰਤਾ ਤੂੰ ਕਰਨੀ ਕੋਈ, ਸਭਦਾ ਹੈ ਰਖਵਾਲਾ ਸੋਈ,
ਸਦਾ ਓਸਦੀ ਰਜ਼ਾ'ਚ ਰਹਿਕੇ,ਕਰਨੀ ਭੁੱਲੀਂ ਨਾ ਅਰਜ਼ੋਈ।
ਜੋ ਬੀਜੇਗਾ ਸੋ ਪਾਵੇਗਾ, 'ਕਰਮ' ਨੂੰ ਸਬਕ ਪੜ੍ਹਾਉਣਾ ਏਂ,
ਮੰਨਕੇ ਹੁਕਮ ਅਕਾਲ ਪੁਰਖ ਦਾ,ਐਸਾ ਪੰਥ ਚਲਾਉਣਾ ਏਂ।

## 'ਅਨੋਖਾ ਦੇਸ਼'

ਗੁਰੂ ਨਾਨਕ ਦਾ ਦੇਸ਼ ਅਨੋਖਾ,
ਜਿਸ ਵਿੱਚ ਸਭਦੀ ਇੱਕ ਜਮਾਤ।
ਇੱਕੋ ਨੂਰ ਤੋਂ ਉਪਜੇ ਸਾਰੇ,
ਜਿੱਥੇ ਕੋਈ ਜਾਤ ਨਾ ਪਾਤ।
ਨਾ ਹੀਂ ਉੱਤਮ ਨਾ ਕੋਈ ਮੱਧਮ,
ਨਾ ਹੀਂ ਕਿਸੇ ਦਾ ਨੀਚ ਖ਼ਿਤਾਬ।
ਰਲ ਮਿਲ ਬਹਿੰਦੇ ਸਭ ਜਮਾਤੀ,
ਸਾਰੇ ਈ ਪੜ੍ਹਦੇ ਇੱਕ ਕਿਤਾਬ।
ਗੱਲ ਗੁਰੂ ਦੀ ਮੰਨਣ ਸਾਰੇ,
ਤਾਂ ਹੀਂ ਬੈਠੇ ਹੋਏ ਆਬਾਦ।
ਲੋਭ ਮੋਹ ਹੰਕਾਰ ਨੂੰ ਰੱਖਦੇ,
ਵਿੱਚ ਕਾਬੂ ਦੇ ਨਾਲ ਹਿਸਾਬ।
ਕੋਈ ਕਿਸੇ ਦਾ ਹੱਕ ਨਾ ਮਾਰੇ,
ਨਾ ਕੋਈ ਕਰਦਾ ਕੰਮ ਖਰਾਬ।
ਮਿੱਠਾ ਬੋਲਦੇ ਨਿਵਕੇ ਰਹਿੰਦੇ,
ਨਾ ਹੀਂ ਮੰਗਦੇ ਕਦੇ ਖ਼ੈਰਾਤ।
ਨਾ ਕਿਧਰੇ ਵਖਰੇਵਾਂ ਦਿਸਦਾ,
ਮਾਰਕੇ ਦੇਖੋ ਸਾਰੇ ਝਾਤੂ।
ਹਰ ਪਾਸੇ ਸਮਾਨਤਾ ਦਿਸਦੀ,
ਰਲ ਬਹਿੰਦੇ ਸਭ ਵਿੱਚ ਕਨਾਤ।
ਬਣਾਕੇ ਰੱਖਦੇ ਇੰਞ ਏਕਤਾ,
ਨਾ ਵੱਖ ਹੋਣ ਦੀ ਪੈਂਦੀ ਬਾਤ।
ਨਾ ਕੋਈ ਦਿਸੇ ਬਿਗਾਨਾ ਕੋਈ,
ਸਭ ਦੀ ਸਾਂਝੀ ਇੱਕ ਪਰਾਤ।
ਲੋੜ ਮੁਤਾਬਿਕ ਮਿਲਦਾ ਸਭਨੂੰ,
ਨਾ ਰੱਖਣ ਕਦੇ ਪ੍ਰਾਈ ਤਾਤ।
ਇੱਕ ਦੂਜੇ ਦਾ ਦਰਦ ਵੰਡਾਉਂਦੇ,
ਨਹੀਂ ਭੋਗਦਾ ਕੋਈ ਸੰਤਾਪ।
ਕਰ ਗਲਤੀ ਜੋ ਮੰਗਲੇ ਮਾਫੀ,
ਰਹੇ ਨਾ ਉਸਨੂੰ ਕੋਈ ਵੀ ਘਾਟ।
ਮਾਫੀ ਦੇਵਣ ਵਾਲਾ ਵੀ ਤਾਂ,
ਮਨਚਾਹੀ ਪਾ ਲਵੇ ਸੌਗਾਤ।
ਕਿਰਤ ਕਰਨ ਤੋਂ ਨਾ ਘਬਰਾਉਂਦੇ,
ਹੁਕਮ'ਚ ਰਹਿੰਦੇ ਦਿਨ ਤੇ ਰਾਤ।
ਵੰਡ ਛਕਣ ਦੇ ਆਦੀ ਸਾਰੇ,
ਦੇਣਹਾਰ ਦਾ ਕਰਦੇ ਜਾਪ।
ਮਨਚਾਹੇ ਫਲ ਮਿਲਦੇ ਸਭਨੂੰ,
ਕਦੇ ਨੀਂ ਖਾਂਦੇ ਕਿਸੇ ਤੋਂ ਮਾਤ।
'ਕਰਮ'ਤੂੰ ਬਣਜਾ,ਵਾਸੀ ਇਸਦਾ,
ਰਹਿਣਾ ਸਿੱਖ ਲੈ ਵਿੱਚ ਔਕਾਤ।
ਦੁੱਖ ਨਿਰਾਸ਼ਾ, ਆਊ ਨਾ ਨੇੜੇ,
ਸੁਧਰ ਜਾਣਗੇ , ਸਭ ਹਾਲਾਤ।

## 'ਆ ਨਾਨਕ ਸਤਿਗੁਰ ਪਿਆਰੇ ਨੇ'

ਜਦ ਵਹਿਮਾਂ ਭਰ੍ਹਮ ਪਖੰਡਾਂ ਨੇ, ਪਈਆਂ ਵਿੱਚ ਮਨੁੱਖਤਾ ਵੰਡਾਂ ਨੇ।
ਇੱਕ ਨੂਰ ਤੋਂ ਉਪਜੇ ਬੰਦਿਆਂ ਨੂੰ,ਜਦ ਆਪਸ ਵਿੱਚ ਲੜਾ ਦਿੱਤਾ।
ਆ ਨਾਨਕ ਸਤਿਗੁਰ ਪਿਆਰੇ ਨੇ ਕਿਵੇਂ ਦੇਖੋ ਜੁਗ ਪਲਟਾ ਦਿੱਤਾ।
ਜੋ ਜ਼ਾਲਮ ਜ਼ੁਲਮ ਕਮਾਉਂਦੇ ਸੀ,ਧੱਕੇ ਨਾਲ ਧਰਮ ਫੈਲਾਉਂਦੇ ਸੀ।
ਉਨ੍ਹਾਂ ਕਹਿਕੇ ਜਾਬਰ ਉਹਨਾਂ ਨੂੰ, ਵਿੱਚ ਸੋਚਾਂ ਦੇ ਸੀ ਪਾ ਦਿੱਤਾ।
ਆ ਨਾਨਕ ਸਤਿਗੁਰ ਪਿਆਰੇ ਨੇ, ਕਿਵੇਂ ਦੇਖੋ ਜੁਗ ਪਲਟਾ ਦਿੱਤਾ।
ਉਸ ਦੱਸਿਆ ਜੱਗ ਦੇ ਬੰਦਿਆ ਨੂੰ, ਖੁਸ਼ ਹੋ ਕਰੋ ਸਭ ਧੰਧਿਆਂ ਨੂੰ।
ਕਰ ਕਿਰਤ ਪ੍ਰਭੂ ਦਾ ਨਾਮ ਜਪੋ,ਵੰਡ ਛਕਣ ਦਾ ਸਬਕ ਸਿਖਾ ਦਿੱਤਾ।
ਆ ਨਾਨਕ ਸਤਿਗੁਰ ਪਿਆਰੇ ਨੇ, ਕਿਵੇਂ ਦੇਖੋ ਜੁਗ ਪਲਟਾ ਦਿੱਤਾ।
ਭੋਲਿਆਂ ਨੂੰ ਵਹਿਮ'ਚ ਪਾਈਏ ਨਾ,ਫੋਕੇ ਕਾਂਡ੍ਹਾਂ ਵਿੱਚ ਫਸਾਈਏ ਨਾ।
ਰੱਬ ਭੁੱਖਾ ਨਹੀਂ ਹੈ ਰਸਮਾਂ ਦਾ, ਇਹ ਸਭ ਨੂੰ ਸਬਕ ਪੜ੍ਹਾ ਦਿੱਤਾ।
ਆ ਨਾਨਕ ਸਤਿਗੁਰ ਪਿਆਰੇ ਨੇ ,ਕਿਵੇਂ ਦੇਖੋ ਜੁਗ ਪਲਟਾ ਦਿੱਤਾ।
ਦੱਸ ਦਿੱਤਾ ਸਾਰੀ ਦੁਨੀਆਂ ਨੂੰ, ਰਿਸ਼ੀਆਂ ਸਨਿਆਸੀ ਮੁਨੀਆਂ ਨੂੰ।
ਲੜ ਇੱਕ ਦੇ ਸਾਰੇ ਲੱਗ ਜਾਵੋ,ਨਾਲ ਪਿਆਰ'ਕਰਮ'ਸਮਝ੍ਹਾ ਦਿੱਤਾ।

## 'ਨਾਨਕ ਆਗਮਨ'



**ਹਰਚਰਨ ਸਿੰਘ ਸੈਹਮੀ**

ਅੰਨ੍ਹੀ ਬੋਲੀ ਤੇ ਪਾਪਾਂ ਦੀ ਰਾਤ ਕਾਲੀ,ਸੂਰਜ ਸੱਚ ਦਾ ਝੂਠ ਨੇ ਕੱਜਿਆ ਸੀ।
ਰਥ ਝੂਠ ਦਾ ਘੁੰਮਦਾ ਹਰ ਪਾਸੇ,ਡੰਕਾ ਪਾਪੀਆਂ ਦਾ ਹਰ ਥਾਂ ਵੱਜਿਆ ਸੀ।
ਝੂਠ ਬਹਿ ਗਿਆ ਸੱਚ ਦੇ ਪਾ ਲੀੜੇ,ਸੱਚ ਨੰਗਾ ਹੀ ਪਿੰਡ ਚੋਂ ਭੱਜਿਆ ਸੀ।
ਵਧਿਆ ਭਾਰ ਧਰਤੀ ਤੇ ਪਾਪੀਆਂ ਦਾ,ਰਾਮ ਨਾਮ ਨੂੰ ਲੋਕਾਂ ਨੇ ਤਜਿਆ ਸੀ।
ਧਰਤੀ ਰੱਬ ਦੇ ਅੱਗੇ ਫਰਿਆਦ ਕਰਦੀ,ਮੈਨੂੰ ਪਾਪੀਆਂ ਕੋਲੋਂ ਬਚਾਅ ਰੱਬਾ।
ਇਨ੍ਹਾਂ ਪਾਪੀਆਂ ਨੂੰ ਆਕੇ ਠੱਲ੍ਹ ਪਾ ਦੇ,ਨਵਾਂ ਰੂਪ ਕੋਈ ਧਾਰ ਕੇ ਆ ਰੱਬਾ।
ਪਹੁੰਚੀ ਧਰਤੀ ਦੀ ਜਦੋਂ ਫਰਿਆਦ ਉੱਤੇ,ਰੂਪ ਨਾਨਕ ਦਾ ਰੱਬ ਨੇ ਧਾਰਿਆ ਸੀ।
ਚੜ੍ਹਿਆ ਵਿੱਚ ਤਲਵੰਡੀ ਦੇ ਚੰਨ ਆਕੇ,ਉਸ ਚਾਨਣ ਹੀ ਚਾਨਣ ਖਿਲਾਰਿਆ ਸੀ।
ਮਿਟੀ ਧੁੰਧ ਤੇ ਰੋਸ਼ਨੀ ਹੋਈ ਸਾਰੇ,ਜਿਹਨੂੰ ਪਾਪੀ ਹਨੇਰੇ ਨੇ ਮਾਰਿਆ ਸੀ।
ਬਣਿਆ ਚਾਕ ਤਲਵੰਡੀ ਵਿੱਚ ਆਕੇ,ਪਹਿਲਾਂ ਗਾਈਆਂ ਤੇ ਮੱਝਾਂ ਨੂੰ ਚਾਰਿਆ ਸੀ।
ਬਾਲ ਲੀਲ੍ਹਾਂ ਉਸ ਖੇਡੀਆਂ ਚਾਕ ਬਣਕੇ,ਉਜੜੇ ਖੇਤਾਂ ਨੂੰ ਉਹਨੇ ਸੰਵਾਰਿਆ ਸੀ।
ਉਹਦੇ ਮੁੱਖ ਤੇ ਸਰਪ ਨੇ ਛਾਂ ਕੀਤੀ,ਲਾਗੇ ਬੈਠ ਕੇ ਫਨ ਖਿਲਾਰਿਆ ਸੀ।
ਨਾਹਰਾ ਨਾਨਕ ਦਾ ਸਤਿਕਰਤਾਰ ਹੈ ਸੀ,ਸੱਚੇ ਨਾਮ ਦੀ ਧੁਨੀ ਲਗਾਈ ਓਹਨੇ।
ਜੋੜੀਦਾਰ ਮਰਦਾਨਾ ਸੀ ਨਾਲ ਓਹਦੇ,ਦੁਨੀਆਂ ਸਾਰੀ ਹੀ, ਸੀ ਗਾਹੀ ਓਹਨੇ।
ਬਗਦਾਦ ਤੇ ਮੱਕੇ ਵੀ ਗਿਆ ਬਾਬਾ,ਜੋਤ ਪਿਆਰ ਦੀ ਹਰ ਥਾਂ ਜਗਾਈ ਓਹਨੇ।
ਓਹਨੇ ਠੱਗਾਂ ਨੂੰ ਸੱਜਣ ਬਣਾ ਲਿਆ ਸੀ,ਵਰਤੇ ਅੱਖਰ ਪ੍ਰੇਮ ਦੇ ਢਾਈ ਓਹਨੇ।
ਵਾਰ ਅਸਾ ਦੀ ਪੂਰੀਆਂ ਕਰੇ ਆਸਾਂ,ਜਦੋਂ ਨਾਲ ਮਰਦਾਨੇ ਦੇ ਗਾਈ ਓਹਨੇ।
ਬੇੜੇ ਸੱਚ ਦੇ ਸਾਨੂੰ ਚੜ੍ਹਾ ਦਿੱਤਾ,ਪੌੜੀ ਜਪੁ ਜੀ ਦੀ ਓਸੀ ਲਾਈ ਓਹਨੇ।
ਨਿਗ੍ਹਾ ਮਿਹਰ ਦੀ ਹੋਈ ਰੀਠਿਆਂ ਤੇ,ਮਿੱਠਾ ਰਸ ਉਨ੍ਹਾਂ ਵਿੱਚ ਭਰ੍ਹ ਗਿਆ ਸੀ।
ਕੌਡੇ ਰਾਖਸ਼ ਦੇ ਤਪਦੇ ਤੇਲ ਤਾਈਂ,ਨਾਲ ਪਿਆਰ ਦੇ ਠੰਡਿਆਂ ਕਰ ਗਿਆ ਸੀ।
ਮਾਣ ਵਲੀ ਕੰਧਾਰੀ ਦਾ ਤੋੜ ਦਿੱਤਾ,ਵਲੀ ਨਾਨਕ ਨੂੰ ਦੇਖਕੇ ਠਰ ਗਿਆ ਸੀ।
ਦੁਖੀ ਹਿਰਦੇ ਦਰਦ ਪੁਕਾਰ ਸੁਣਕੇ,ਬੱਦਲ ਪਿਆਰ ਦਾ ਬਣ ਵਰ੍ਹ ਗਿਆ ਸੀ।
ਦਿਨ ਅੱਜ ਦੇ ਆਏ ਸੀ ਗੁਰੂ ਨਾਨਕ,ਲੈਕੇ ਬਾਣੀ ਦੀ ਧੁਰੋਂ ਉਹ ਖਾਣ ਆਇਆ।
'ਸਹਿਮੀ'ਸਿਰਤਾਜ ਉਹ ਪੀਰਾਂ ਪੈਗੰਬਰਾਂ ਦਾ,ਰੂਪ ਰੱਬ ਦਾ ਵਿੱਚ ਜਹਾਨ ਆਇਆ।

## ਗੀਤ



**ਡਾ. ਮੁਹਿੰਦਰ ਸਿੰਘ ਰਾਏ**

ਚੜ੍ਹਿਆ ਸੋਧਣ ਧਰਤ ਲੋਕਾਈ, ਪੈਦਲ ਦੁਨੀਆ ਗਾਹੁਦਾ ਹੈ।
ਕਹਿੰਦਾ ਕਿਰਤ ਕਰੋ ਤੇ ਵੰਡ ਛਕੋ, ਨਾਲੇ ਨਾਮ ਜਪਾਉਂਦਾ ਹੈ।
ਬਾਬਰ ਨੂੰ ਕਹਿ ਜਾਬਰ ਜਿਹੜਾ, ਉਸ ਦੇ ਮੂਹਰੇ ਖਲੋਵੇਗਾ।
ਉਹ ਪੁੱਤ ਪੰਜਾਬ ਦਾ ਹੀ ਹੋਵੇਗਾ, ਉਹ ਪੁੱਤ ਪੰਜਾਬ ਦਾ ਹੀ ਹੋਵੇਗਾ।
ਸਭ ਵਰਣਾਂ ਲਈ ਜੋ ਖੁੱਲ੍ਹਾ, ਹਰਿਮੰਦਰ ਤਿਆਰ ਕਰਵਾਉਂਦਾ ਹੈ।
ਪੰਜਵੀ ਜੋਤ, ਅਦਿ ਗ੍ਰੰਥ ਸਾਹਿਬ, ਅੰਦਰ ਪ੍ਰਕਾਸ ਕਰਵਾਉਂਦਾ ਹੈ।
ਜਿਹਨਾਂ ਦੀ ਸਹੀਦੀ ਉੱਤੇ, ਸਾਈਂ ਮੀਆਂ ਮੀਰ ਵੀ ਰੋਵੇਗਾ।
ਉਹ ਪੁੱਤ ਪੰਜਾਬ ਦਾ ਹੀ ਹੋਵੇਗਾ। ਉਹ ਪੁੱਤ ਪੰਜਾਬ ਦਾ ਹੀ ਹੋਵੇਗਾ।
ਅਕਾਲ ਤਖਤ ਸਾਹਿਬ ਦਾ, ਆਪ ਨਿਰਮਾਣ ਕਰਵਾਉਂਦਾ ਹੈ।
ਮੀਰੀ ਪੀਰੀ ਦੀਆਂ ਦੋ ਤਲਵਾਰਾਂ, ਆਪਣੇ ਨਾਲ ਸਜਾਉਂਦਾ ਹੈ।
ਕਰਵਾ ਕੇ ਜਿਹੜਾ ਅਜਾਦ ਬੰਦੀਆਂ, ਸਾਰਿਆਂ ਦਾ ਮਨ ਮੋਹਵੇਗਾ।
ਉਹ ਪੁੱਤ ਪੰਜਾਬ ਦਾ ਹੀ ਹੋਵੇਗਾ। ਉਹ ਪੁੱਤ ਪੰਜਾਬ ਦਾ ਹੀ ਹੋਵੇਗਾ।
ਜਨੇਊ ਕਿਸੇ ਦਾ ਲਹਿਣ ਨਾ ਦੇਣਾ, ਪਰ ਆਪ ਜਨੇਊ ਪਾਇਆ ਨਹੀਂ।
ਖੁਦ ਸਹੀਦੀ ਪਾਉਣ ਦੀ ਖਾਤਰ, ਕੋਈ ਆਪ ਤੁਰ ਕੇ ਆਇਆ ਨਹੀਂ।
ਹੋਰ ਕਿਸੇ ਦੇ ਧਰਮ ਦੇ ਲਈ, ਸਹੀਦ ਜਿਹੜਾ ਹੋਵੇਗਾ।
ਉਹ ਪੁੱਤ ਪੰਜਾਬ ਦਾ ਹੀ ਹੋਵੇਗਾ। ਉਹ ਪੁੱਤ ਪੰਜਾਬ ਦਾ ਹੀ ਹੋਵੇਗਾ।
ਲੈ ਕੇ ਸੀਸ ਛਕਾਇਆ ਅੰਮ੍ਰਿਤ, ਫਿਰ ਆਪ ਵੀ ਛੱਕ ਲੈਂਦਾ ਹੈ।
ਆਪ ਹੀ ਗੁਰੂ, ਫਿਰ ਆਪ ਹੀ ਚੇਲਾ ਬਣ ਕੇ ਬਹਿੰਦਾ ਹੈ।
ਜਿਹੜਾ ਵਾਰ ਕੇ ਪਰਿਵਾਰ ਸਾਰਾ, ਜਾ ਕੇ ਕੰਡਿਆਂ ਉੱਤੇ ਸੋਵੇਗਾ।
ਉਹ ਪੁੱਤ ਪੰਜਾਬ ਦਾ ਹੀ ਹੋਵੇਗਾ। ਉਹ ਪੁੱਤ ਪੰਜਾਬ ਦਾ ਹੀ ਹੋਵੇਗਾ।
ਨਾ ਕਰਵਾਇਆ ਸਰਬੱਤ ਖਾਲਸਾ, ਤਾਂ ਫਿਰ ਟੈਕਸ ਕਿਉਂ ਸੀ ਤਾਰਨਾ ?
ਜਾਲਮ ਕਹਿੰਦੇ ਟੈਕਸ ਤਾਰ ਦਿਓ, ਨਹੀਂ ਤਾਂ ਤਸੀਹੇ ਦੇ ਕੇ ਮਾਰਨਾ।
ਸਿੱਖੀ ਦੀ ਸਾਨ ਲਈ, ਜਿਹੜਾ ਹੋ ਕੇ ਬੰਦ ਬੰਦ ਕਟੋਵੇਗਾ।
ਉਹ ਪੁੱਤ ਪੰਜਾਬ ਦਾ ਹੀ ਹੋਵੇਗਾ। ਉਹ ਪੁੱਤ ਪੰਜਾਬ ਦਾ ਹੀ ਹੋਵੇਗਾ।
ਨਵਾਬ ਕਪੂਰ ਸਿੰਘ ਅਤੇ ਜੱਸਾ ਸਿੰਘ ਆਹਲੂਵਾਲੀਏ।
ਲੈਣ ਲੱਗੇ ਲੋਹਾ ਨਾਲ ਅਹਿਮਦ ਸਾਹੇ ਅਬਦਾਲੀਏ।
ਲੁੱਟਣ ਵਾਲਾ ਸਾਹ ਨੂੰ, ਜੋ ਸੋਚਦਾ ਸੀ ਮੈਨੂੰ ਕੌਣ ਛੋਹਵੇਗਾ ?
ਉਹ ਪੁੱਤ ਪੰਜਾਬ ਦਾ ਹੀ ਹੋਵੇਗਾ। ਉਹ ਪੁੱਤ ਪੰਜਾਬ ਦਾ ਹੀ ਹੋਵੇਗਾ।
ਹੁਣ ਧਾੜਵੀ ਨਹੀਂ ਆਵੇਗਾ, ਕੋਈ ਖੈਬਰ ਦੱਰਾ ਟੱਪ ਕੇ।
ਦਿਖਾ ਦਿੱਤਾ ਰਣਜੀਤ ਸਿੰਘ ਨੇ, ਇਸ ਰਸਤੇ ਨੂੰ ਡੱਕ ਕੇ।
ਕਿਲ੍ਹੇ ਜਮਰੌਦ ਉੱਤੇ ਜਿਹੜਾ, ਨਿਸਾਨ ਕੇਸਰੀ ਝਲੋਵੇਗਾ।
ਉਹ ਪੁੱਤ ਪੰਜਾਬ ਦਾ ਹੀ ਹੋਵੇਗਾ। ਉਹ ਪੁੱਤ ਪੰਜਾਬ ਦਾ ਹੀ ਹੋਵੇਗਾ।
ਚਰਚੇ ਸੀ ਭਗਤ ਸਿੰਘ ਦੇ, ਅੰਗਰੇਜੀ ਅਖਬਾਰਾਂ 'ਚ।
ਕਹੇ ਬੀਜਣੀਆਂ ਅਸੀਂ ਬੰਦੂਕਾਂ, ਵੱਢ ਕਣਕਾਂ ਅਤੇ ਜੁਆਰਾਂ ਦੇ।
ਚੜ੍ਹਦੀ ਜਵਾਨੀ ਵਿੱਚ ਜਿਹੜਾ, ਬੀਜ ਅਜਾਦੀਆਂ ਦੇ ਬੋਵੇਗਾ।
ਉਹ ਪੁੱਤ ਪੰਜਾਬ ਦਾ ਹੀ ਹੋਵੇਗਾ। ਉਹ ਪੁੱਤ ਪੰਜਾਬ ਦਾ ਹੀ ਹੋਵੇਗਾ।
ਜਲ੍ਹਿਆਂ ਵਾਲੇ ਬਾਗ ਦਾ ਬਦਲਾ, ਜਾ ਵਿੱਚ ਵਲੈਤ ਦੇ ਲੈਂਦਾ ਹੈ।
ਜਿੱਥੇ ਮਰਜੀ ਭੱਜ ਲੈ ਡਾਇਰਾ, ਊਧਮ ਸਿੰਘ ਉਹਨੂੰ ਕਹਿੰਦਾ ਹੈ।
ਜਾ ਕੇ ਸਮੁੰਦਰੋਂ ਪਾਰ ਜਿਹੜਾ, 'ਰਾਏ' ਜਾਲਮ ਨੂੰ ਕੋਹਵੇਗਾ।
ਉਹ ਪੁੱਤ ਪੰਜਾਬ ਦਾ ਹੀ ਹੋਵੇਗਾ। ਉਹ ਪੁੱਤ ਪੰਜਾਬ ਦਾ ਹੀ ਹੋਵੇਗਾ।

## ਦਿਲਜੀਤ ਦੁਸਾਂਝ ਦੇ ਚਾਚੇ ਦਾ ਦਿਹਾਂਤ

ਸਰੀ: ਮਸ਼ਹੂਰ ਗਾਇਕ ਦਿਲਜੀਤ ਦੋਸਾਂਝ ਦੇ ਚਾਚਾ ਸ਼ਿੰਗਾਰਾ ਸਿੰਘ ਦੁਸਾਂਝ ਦਾ ਦਿਹਾਂਤ ਹੋ ਗਿਆ ਹੈ। ਉਨ੍ਹਾਂ ਨੇ ਜਲੰਧਰ ਦੇ ਗੁਰਾਇਆ 'ਚ ਆਖਰੀ ਸਾਹ ਲਿਆ। ਉਨ੍ਹਾਂ ਦੇ ਦਿਹਾਂਤ ਤੋਂ ਬਾਅਦ ਪਿੰਡ 'ਚ ਸੋਗ ਦੀ ਲਹਿਰ ਦੌੜ ਗਈ ਅਤੇ ਉਨ੍ਹਾਂ ਦੇ ਅੰਤਿਮ ਦਰਸ਼ਨਾਂ ਲਈ ਪਿੰਡ 'ਚ ਵੱਡੀ ਗਿਣਤੀ 'ਚ ਲੋਕ ਇੱਕੱਠੇ ਹੋਏ।




ਕਈ ਕਿਸਾਨ ਆਗੂਆਂ ਨੇ ਸ਼ਿੰਗਾਰਾ ਸਿੰਘ ਦੁਸਾਂਝ ਦੇ ਘਰ ਪਹੁੰਚ ਕੇ ਉਨ੍ਹਾਂ ਨੂੰ ਸ਼ਰਧਾਂਜਲੀ ਦਿੱਤੀ। ਉਨ੍ਹਾਂ ਦਾ ਅੰਤਿਮ ਸੰਸਕਾਰ ਉਨ੍ਹਾਂ ਦੇ ਜੱਦੀ ਪਿੰਡ 'ਚ ਕੀਤਾ ਗਿਆ।

ਸ਼ਿੰਗਾਰਾ ਸਿੰਘ ਦੁਸਾਂਝ ਜਲੰਧਰ ਜ਼ਿਲ੍ਹਾ ਕਮੇਟੀ RMPI ਦੇ ਮੈਂਬਰ ਅਤੇ ਜਮਹੂਰੀ ਕਿਸਾਨ ਸਭਾ ਪੰਜਾਬ ਦੇ ਸੂਬਾ ਕਮੇਟੀ ਮੈਂਬਰ ਸਨ। ਸ਼ਿੰਗਾਰਾ ਸਿੰਘ ਦੁਸਾਂਝ ਨੇ ਦਿੱਲੀ ਕਿਸਾਨ ਮੋਰਚਾ ਸਮੇਤ ਕਈ ਕਿਸਾਨਾਂ ਦੇ ਧਰਨੇ ਅਤੇ ਜਮਹੂਰੀ ਸੰਘਰਸ਼ਾਂ 'ਚ ਸਨਮਾਨਯੋਗ ਭੂਮਿਕਾ ਨਿਭਾਈ। ਸਾਥੀ ਦੁਸਾਂਝ ਨੇ ਅਧਿਆਪਕ ਵਜੋਂ ਕੰਮ ਕਰਦਿਆਂ ਟਰੇਡ ਯੂਨੀਅਨ ਅਤੇ ਮੁਲਾਜ਼ਮ ਲਹਿਰਾਂ 'ਚ ਵੀ ਮਿਸਾਲੀ ਯੋਗਦਾਨ ਪਾਇਆ।

## ਲਾਹੌਰ ਦੁਨੀਆਂ ਦਾ ਸਭ ਤੋਂ ਪ੍ਰਦੂਸ਼ਿਤ ਸ਼ਹਿਰ

ਲਾਹੌਰ: ਪਾਕਿਸਤਾਨ ਦਾ ਲਾਹੌਰ ਖ਼ਰਾਬ ਹਵਾ ਦੀ ਗੁਣਵੱਤਾ ਦੇ ਪੱਧਰ ਕਾਰਨ ਗਲੋਬਲ ਪ੍ਰਦੂਸ਼ਣ ਰੈਂਕਿੰਗ 'ਚ ਸਿਖਰ 'ਤੇ ਪਹੁੰਚ ਗਿਆ ਹੈ। ਪਾਕਿਸਤਾਨ ਦਾ ਦੂਜਾ ਸਭ ਤੋਂ ਵੱਡਾ ਸ਼ਹਿਰ ਧੂੰਏਂ ਦੇ ਸੰਕਟ ਨਾਲ ਜੂਝ ਰਿਹਾ ਹੈ ਜਿਸ ਨੇ ਲੱਖਾਂ ਲੋਕਾਂ ਦੀ ਸਿਹਤ ਅਤੇ ਰੋਜ਼ੀ-ਰੋਟੀ ਨੂੰ ਪ੍ਰਭਾਵਿਤ ਕੀਤਾ ਹੈ। ਸਵਿਸ ਏਅਰ ਕੁਆਲਟੀ ਟੈਕਨੌਲੋਜੀ ਕੰਪਨੀ ਮੁਤਾਬਿਕ ਲਾਹੌਰ ਦੀ ਹਵਾ ਦੀ ਗੁਣਵੱਤਾ ਦੁਨੀਆਂ 'ਚ ਸਭ ਤੋਂ ਖ਼ਰਾਬ ਹੈ। ਏਅਰ ਕੁਆਲਿਟੀ ਇੰਡੈਕਸ ਖ਼ਤਰਨਾਕ 470 'ਤੇ ਪਹੁੰਚ ਗਿਆ ਹੈ। ਕਰਾਚੀ 'ਚ ਇਹ 204 ਹੈ।



ਧੁੰਦ ਕਾਰਨ ਸ਼ਹਿਰ 'ਚ ਵਿਜ਼ੀਬਿਲਟੀ ਘੱਟ ਗਈ ਹੈ, ਅਤੇ ਜਹਾਜ਼ਾਂ ਨੂੰ ਉਡਾਣ ਭਰਨ 'ਚ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਲਾਹੌਰ ਦੇ ਵਸਨੀਕ ਸਾਹ ਦੀ ਸਮੱਸਿਆ, ਅੱਖਾਂ 'ਚ ਜਲਨ ਅਤੇ ਚਮੜੀ ਦੇ ਰੋਗਾਂ ਦੀ ਸ਼ਿਕਾਇਤ ਕਰ ਰਹੇ ਹਨ। ਕੁੱਝ ਲੋਕ ਜ਼ਹਿਰੀਲੇ ਧੂੰਏਂ ਤੋਂ ਬਚਣ ਲਈ ਸ਼ਹਿਰ ਛੱਡ ਕੇ ਵੀ ਚਲੇ ਗਏ ਹਨ। ਪੰਜਾਬ ਦੀ ਕਾਰਜਕਾਰੀ ਸਰਕਾਰ ਨੇ ਧੂੰਏਂ ਨੂੰ ਘੱਟ ਕਰਨ ਦੇ ਉਪਾਵਾਂ ਦੇ ਤਹਿਤ ਸੂਬੇ ਦੇ ਸਾਰੇ ਵਿਦਿਅਕ ਅਦਾਰੇ ਅਤੇ ਸਰਕਾਰੀ ਅਤੇ ਨਿੱਜੀ ਦਫ਼ਤਰਾਂ ਨੂੰ ਬੰਦ ਰੱਖਣ ਦਾ ਐਲਾਨ ਕੀਤਾ ਹੈ।

## ਅੱਠਵੀਂ ਵਾਰ ਜੇਲ੍ਹ ਤੋਂ ਬਾਹਰ ਆ ਕੇ ਰਾਮ ਰਹੀਮ ਨੇ ਜਾਰੀ ਕੀਤੀ

ਰੋਹਤਕ: ਸਾਧਵੀ ਜਬਰ ਜ਼ਿਨਾਹ, ਪੱਤਰਕਾਰ ਅਤੇ ਸਾਬਕਾ ਡੇਰਾ ਪ੍ਰਬੰਧਕ ਹਤਿਆਕਾਂਡ ਦੇ ਮਾਮਲੇ 'ਚ ਸੁਨਾਰੀਆ ਜੇਲ੍ਹ 'ਚ ਸਜ਼ਾ ਕੱਟ ਰਿਹਾ ਗੁਰਮੀਤ ਸਿੰਘ ਰਾਮ ਰਹੀਮ ਅੱਠਵੀਂ ਵਾਰ ਜੇਲ੍ਹ ਤੋਂ ਬਾਹਰ ਆ ਗਿਆ ਹੈ। ਉਹ 21 ਦਿਨ ਦੀ ਫ਼ਰਲੋ ਮਨਜ਼ੂਰ ਹੋਣ ਤੋਂ ਬਾਅਦ ਸੁਨਾਰੀਆ ਜੇਲ੍ਹ ਤੋਂ ਉੱਤਰ ਪ੍ਰਦੇਸ਼ ਦੇ ਬਾਗਪਤ ਜ਼ਿਲ੍ਹੇ 'ਚ ਬਰਨਾਵਾ ਆਸ਼ਰਮ ਲਈ ਰਵਾਨਾ ਹੋਇਆ।



ਉਸ ਦੀ ਮੂੰਹਬੋਲੀ ਧੀ ਹਨੀਪ੍ਰੀਤ ਇੰਸਾਂ ਅਤੇ ਉਸ ਦੇ ਵਕੀਲ ਦੋ ਗੱਡੀਆਂ 'ਚ ਜ਼ਿਲ੍ਹਾ ਜੇਲ੍ਹ ਦੇ ਬਾਹਰ ਪੁੱਜੇ। ਗੁਰਮੀਤ ਸਿੰਘ ਦੀਆਂ ਦੋ ਗੱਡੀਆਂ ਪੁਲੀਸ ਦੀਆਂ ਚਾਰ ਗੱਡੀਆਂ ਦੇ ਕਾਫ਼ਿਲੇ ਨਾਲ ਨਿਕਲੀਆਂ। ਇਸ ਦੌਰਾਨ ਜੇਲ੍ਹ 'ਚ ਕੈਦੀਆਂ ਨੂੰ ਉਨ੍ਹਾਂ ਦੇ ਪਰਿਵਾਰਾਂ ਨਾਲ ਵੀ ਨਹੀਂ ਮਿਲਣ ਦਿੱਤਾ ਗਿਆ।

ਡੇਰਾ ਸੱਚਾ ਸੌਦਾ ਪ੍ਰਮੁੱਖ ਗੁਰਮੀਤ ਸਿੰਘ ਸਾਧਵੀ ਜਿਣਸੀ ਸ਼ੋਸ਼ਣ ਦੇ ਇੱਕ ਮਾਮਲੇ 'ਚ ਅਗਸਤ 2017 ਤੋਂ ਸੁਨਾਰੀਆ ਜੇਲ੍ਹ 'ਚ ਬੰਦ ਹੈ। ਇਸ ਤੋਂ ਇਲਾਵਾ, ਦੋ ਵੱਖ-ਵੱਖ ਹੱਤਿਆਕਾਂਡਾਂ 'ਚ ਗੁਰਮੀਤ ਸਿੰਘ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਜਾ ਚੁੱਕੀ ਹੈ। ਇਸੇ ਦੌਰਾਨ ਡੇਰਾ ਮੁਖੀ ਨੇ UP ਦੇ ਬਾਗਵਤ 'ਚ ਪੁੱਜਣ 'ਤੇ 40 ਸਕਿੰਟਾਂ ਦੀ ਇੱਕ ਵੀਡੀਓ ਜਾਰੀ ਕੀਤੀ। ਗੁਰਮੀਤ ਨੇ ਆਪਣੇ ਪੈਰੋਕਾਰਾਂ ਨੂੰ ਗੁਜ਼ਾਰਿਸ਼ ਕੀਤੀ ਕਿ ਉਹ UP ਨਾ ਆਉਣ।

# ਪਾਕਿ ਤੋਂ 13 ਲੱਖ ਅਫ਼ਗਾਨ ਪਰਤਣਗੇ ਵਾਪਿਸ

ਲਾਹੌਰ: ਪਾਕਿਸਤਾਨ ਤੋਂ ਤਕਰੀਬਨ 13 ਲੱਖ ਅਫ਼ਗਾਨ ਲੋਕ ਆਪਣੇ ਜੱਦੀ ਦੇਸ਼ ਪਰਤ ਸਕਦੇ ਹਨ। ਟੋਲੋ ਨਿਊਜ਼ ਦੀਆਂ ਰਿਪੋਰਟਾਂ ਮੁਤਾਬਿਕ ਐਮਨੈਸਟੀ ਇੰਟਰਨੈਸ਼ਨਲ ਨੇ ਪਾਕਿਸਤਾਨ ਨੂੰ ਅਫ਼ਗਾਨ ਸ਼ਰਣਾਰਥੀਆਂ ਦੇ ਦੇਸ਼ ਨਿਕਾਲੇ ਅਤੇ ਨਜ਼ਰਬੰਦੀ ਨੂੰ ਰੋਕਣ ਲਈ ਕਿਹਾ ਹੈ। ਐਮਨੈਸਟੀ ਇੰਟਰਨੈਸ਼ਨਲ ਨੇ ਇੱਕ ਬਿਆਨ 'ਚ ਕਿਹਾ ਕਿ ਪਾਕਿਸਤਾਨ ਦੀਆਂ ਕਾਰਵਾਈਆਂ ਉਦੋਂ ਸ਼ੁਰੂ ਹੋਈਆਂ ਜਦੋਂ ਅਫ਼ਗਾਨਿਸਤਾਨ ਮਨੁੱਖੀ ਸੰਕਟ 'ਚ ਸੀ।

ਐਮਨੈਸਟੀ ਇੰਟਰਨੈਸ਼ਨਲ ਨੇ ਜ਼ੋਰ ਦੇ ਕੇ ਕਿਹਾ ਕਿ ਪਾਕਿਸਤਾਨ ਨੂੰ ਅਫ਼ਗਾਨ ਸ਼ਰਨਾਰਥੀਆਂ ਦੇ ਅਧਿਕਾਰਾਂ ਦਾ ਸਨਮਾਨ ਕਰਨਾ ਚਾਹੀਦਾ ਹੈ। ਇਸ ਨੇ ਪਾਕਿਸਤਾਨ ਨੂੰ ਅਫ਼ਗਾਨ ਸ਼ਰਨਾਰਥੀਆਂ ਨੂੰ ਦੇਸ਼ ਨਿਕਾਲੇ ਅਤੇ ਨਜ਼ਰਬੰਦ ਕਰਨ ਦੀ ਪ੍ਰਕਿਰਿਆ ਨੂੰ ਰੋਕਣ ਲਈ ਕਿਹਾ ਹੈ। ਇਸ 'ਚ ਕਿਹਾ ਗਿਆ ਹੈ ਕਿ ਦੇਸ਼ ਨਿਕਾਲੇ ਅਫ਼ਗਾਨ ਔਰਤਾਂ ਅਤੇ ਲੜਕੀਆਂ ਦੇ ਮਨੁੱਖੀ ਅਧਿਕਾਰਾਂ ਲਈ ਇੱਕ ਮਹੱਤਵਪੂਰਣ ਖ਼ਤਰਾ ਹੈ।

ਐਮਨੈਸਟੀ ਇੰਟਰਨੈਸ਼ਨਲ ਨੇ ਇੱਕ ਬਿਆਨ 'ਚ ਕਿਹਾ, ਦਹਾਕਿਆਂ ਤੋਂ ਹਜ਼ਾਰਾਂ ਅਫ਼ਗਾਨ ਸ਼ਰਣਾਰਥੀਆਂ ਨੇ ਪਾਕਿਸਤਾਨ ਨੂੰ ਆਪਣਾ ਘਰ ਬਣਾਇਆ ਹੈ, ਪਰ ਇਹ ਤਾਜ਼ਾ ਫ਼ੈਸਲਾ ਅਫ਼ਗਾਨੀਆਂ ਨੂੰ ਖ਼ਤਰੇ 'ਚ ਵਾਪਿਸ ਅਫ਼ਗਾਨਿਸਤਾਨ ਜਾਣ ਲਈ ਮਜਬੂਰ ਕਰੇਗਾ। ਖਾਸ ਤੌਰ 'ਤੇ, ਦੇਸ਼ ਨਿਕਾਲੇ ਅਫ਼ਗਾਨ ਔਰਤਾਂ ਅਤੇ ਲੜਕੀਆਂ ਦੇ ਮਨੁੱਖੀ ਅਧਿਕਾਰਾਂ ਲਈ ਇੱਕ ਮਹੱਤਵਪੂਰਣ ਖ਼ਤਰਾ ਹੈ ਜਿਸ 'ਚ ਉਨ੍ਹਾਂ ਦੀ ਸਿੱਖਿਆ, ਕੰਮ ਅਤੇ ਅੰਦੋਲਨ ਦੀ ਆਜ਼ਾਦੀ ਦੇ ਅਧਿਕਾਰ ਸ਼ਾਮਿਲ ਹਨ।



ਗਿਆਨੀ ਭੁਪਿੰਦਰ ਸਿੰਘ ਸਮਰਾ ਅਤੇ ਪ੍ਰੀਵਾਰ ਵੱਲੋਂ ਸੰਸਾਰ ਦੀ ਸਾਰੀ ਮਨੁੱਖਤਾ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਅਣਗਿਣਤ ਵਧਾਈਆਂ

**ਸੰਸਾਰ ਦੀ ਸਾਰੀ ਮਨੁੱਖਤਾ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਅਣਗਿਣਤ ਵਧਾਈਆਂ**


**Pegasus Banqueting**

We Cater For Parties, Weddings, or Any Social Function

Indoor And Outdoor Bar Available




- ਵਿਆਹ, ਬਰਥਡੇਜ਼ ਅਤੇ ਐਨੀਵਰਸਰੀਜ਼ ਜਾਂ ਕੋਈ ਹੋਰ ਪਾਰਟੀ ਲਈ 300 ਮਹਿਮਾਨਾਂ ਤੱਕ ਦਾ ਖੁਲ੍ਹਾ ਡੁਲ੍ਹਾ ਹਾਲ।
- 200 ਜਾਂ 200 ਤੋਂ ਵੱਧ ਮਹਿਮਾਨ ਲਈ ਖਾਸ ਰਿਆਇਤ ਸਿਰਫ 15 ਪੌਂਡ ਪ੍ਰਤੀ ਮਹਿਮਾਨ ਜਿਸ ਵਿੱਚ ਵੈਜੀਟੇਰੀਅਨ ਅਤੇ ਨਾਨ ਵੈਜੀਟੇਰੀਅਨ ਫੂਡ, ਸੌਫਟ ਡ੍ਰਿੰਕਸ, ਟੇਬਲ ਸਨੈਕਸ ਅਤੇ ਬੀਅਰ
- ਘੱਟ ਮਹਿਮਾਨਾਂ ਲਈ ਹਾਲ ਦਾ ਨੋਮੀਨਲ ਕਿਰਾਇਆ ਅਤੇ ਪੈਕੇਜ ਦੀ ਕੀਮਤ ਉਤਨੀ ਹੀ।

Contact : Mr. B.S. Gill

Jackson Street (Off Craddock St.) Whitmore Reans Wolverhampton WV6 0QQ

Tel:01902-427625 / 07878484529

